ਰੋਜ਼ਾਨਾ
ਲੋਕ ਬਾਣੀ
ਨੂੰ ਪੱਤਰਕਾਰਾਂ
ਦੀ ਲੋੜ
99155-94111

ਸੱਚ ਤੇ ਨਿਡਰ ਆਵਾਜ਼


ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸ਼ਨੀਵਾਰ, 20 ਜੁਲਾਈ 2024

**ਅੱਜ ਦਾ ਸ਼ੁਭ ਵਿਚਾਰ**



ਜਦੋਂ ਮਨ ਖਰਾਬ ਹੋਵੇ ਤਾਂ ਬੁਰੇ ਸ਼ਬਦ ਨਾ ਬੋਲੋ, ਕਿਉਂਕਿ ਬਾਅਦ ਵਿੱਚ ਮਨ ਤਾਂ ਠੀਕ ਹੋ ਜਾਂਦਾ ਹੈ ਪਰ ਸ਼ਬਦ ਠੀਕ ਨਹੀਂ ਹੁੰਦੇ।

ਬਿੰਦੂ ਗਰਗ
ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 ⁎ ਸਾਲ 16 , ⁎ ਅੰਕ : 47, ⁎ ਮੁੱਲ : 6 ਰੁਪਏ ⁎ ਕੁੱਲ ਪੇਜ: 10 ⁎ ਦਫਤਰ : 0181-2211009 ⁎ M : 99155-94111

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਕੈਨੇਡਾ/ਯੂ. ਕੇ./ ਆਸਟ੍ਰੇਲੀਆਂ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ ਤੋਂ 30 ਮਾਰਚ ਤੱਕ ਲੱਗੇ
easyvisa | 8194828282

## ਵਿਦੇਸ਼ ਮੰਤਰੀ ਦਾ ਆਇਆ ਬਿਆਨ ਬੰਗਲਾਦੇਸ਼ ਵਿਚ ਸਾਰੇ ਭਾਰਤੀ ਸੁਰੱਖਿਅਤ ਨਹੀਂ




ਨਵੀਂ ਦਿੱਲੀ, (ਲੋਕ ਬਾਣੀ) ਗੁਆਂਢੀ ਦੇਸ਼ ਵਿਚ ਜਾਰੀ ਹਿੰਸਕ ਪ੍ਰਦਰਸ਼ਨਾਂ ਦੇ ਚਲਦਿਆਂ ਵਿਦੇਸ਼ ਮੰਤਰਾਲੇ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਥੇ ਸਥਿਤ ਸਾਰੇ ਭਾਰਤੀ ਸੁਰੱਖਿਅਤ ਹਨ ਅਤੇ ਦਿੱਲੀ ਬੰਗਲਾਦੇਸ਼ ਦੇ ਅਧਿਕਾਰੀਆਂ ਦੇ ਸੰਪਰਕ ਵਿਚ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤੀ ਨਾਗਰਿਕਾਂ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਵਿਭਾਗ ਦੇ ਮੰਤਰੀ ਐੱਸ ਜੈਸ਼ੰਕਰ ਸਥਿਤੀ 'ਤੇ ਖ਼ੁਦ ਨਜ਼ਰ ਰੱਖ ਰਹੇ ਹਨ। ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਉਥੇ 8500 ਵਿਦਿਆਰਥੀ ਅਤੇ ਵੱਖ ਵੱਖ ਸਥਾਨਾਂ 'ਤੇ 15000 ਦੇ ਕਰੀਬ ਭਾਰਤੀ ਨਾਗਰਿਕ ਹਨ। ਉਨ੍ਹਾਂ ਕਿਹਾ ਕਿ ਸਾਡੇ ਭਾਰਤੀ ਨਾਗਰਿਕ ਸੁਰੱਖਿਅਤ ਹਨ।

## ਭੂਟਾਨ ਦੇ ਪ੍ਰਧਾਨ ਮੰਤਰੀ ਨਾਲ ਭਾਰਤ ਦੇ ਵਿਦੇਸ਼ ਸਕੱਤਰ ਮਿਸਰ ਨੇ ਕੀਤੀ ਮੁਲਾਕਾਤ



ਦਿੱਲੀ, (ਲੋਕ ਬਾਣੀ) ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਭੂਟਾਨ ਦੇ ਪ੍ਰਧਾਨ ਮੰਤਰੀ ਸ਼ੇਰਿੰਗ ਤੋਬਗੇ ਨਾਲ ਮੁਲਾਕਾਤ ਕੀਤੀ।ਉਨ੍ਹਾਂ ਨੇ ਭੂਟਾਨ ਨਾਲ ਭਾਰਤ ਦੇ ਸਾਂਝੇ ਦੋਸਤੀ ਦੇ ਨਜ਼ਦੀਕੀ ਬੰਧਨਾਂ ਦੀ ਪੁਸ਼ਟੀ ਕੀਤੀ ਅਤੇ ਭੂਟਾਨ ਦੀ ਸ਼ਾਹੀ ਸਰਕਾਰ ਅਤੇ ਲੋਕਾਂ ਦੀਆਂ ਤਰਜੀਹਾਂ ਅਨੁਸਾਰ ਭਾਰਤ-ਭੂਟਾਨ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਭਾਰਤ ਦੀ ਦ੍ਰਿੜ ਵਚਨਬੱਧਤਾ ਦੀ ਪੁਸ਼ਟੀ ਕੀਤੀ ਹੈ।

## ਜੰਮੂ ਕਸ਼ਮੀਰ ਵਿਚ ਵੱਡੀ ਮਾਤਰਾ ਵਿਚ ਭੁੱਕੀ ਦੇ ਪੌਦੇ ਲਾਉਣ ਵਾਲ਼ਾ ਭੁੱਕੀ ਸਮੇਤ ਕਾਬੂ



ਜੰਮੂ, (ਲੋਕ ਬਾਣੀ) ਜੰਮੂ ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਤੋਂ ਪੁਲੀਸ ਨੇ ਕਥਿਤ ਨਸ਼ਾ ਤਸਕਰ ਨੂੰ 344 ਕਿਲੋ ਭੁੱਕੀ ਦੇ ਪੌਦਿਆਂ ਸਮੇਤ ਕਾਬੂ ਕੀਤਾ ਹੈ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਅਧਾਰ ਤੇ ਚੇਨਾਨੀ ਹਾਈਵੇ 'ਤੇ ਕੀਤੀ ਇਕ ਟੈਂਕਰ ਦੀ ਚੈਕਿੰਗ ਦੌਰਾਨ ਭੁੱਕੀ ਦੇ ਪੌਦਿਆਂ ਨਾਲ ਭਰੀਆਂ 23 ਬੋਰੀਆਂ ਟੈਂਕਰ ਵਿਚੋਂ ਬਰਾਮਦ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਨਾਲ ਸਬੰਧਤ ਟੈਂਕਰ ਚਾਲਕ ਹਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਵਾਹਨ ਜ਼ਬਤ ਕੀਤਾ ਗਿਆ ਹੈ।

## ਬੰਗਲਾਦੇਸ਼ ਵਿਚ ਹੁਣ ਤੱਕ 39 ਵਿਅਕਤੀਆਂ ਦੀ ਹਿੰਸਾ ਦੌਰਾਨ ਹੋਈ ਮੌਤ




ਢਾਕਾ, (ਲੋਕ ਬਾਣੀ) -ਨੌਕਰੀਆਂ ਵਿੱਚ ਰਾਖਵੇਂਕਰਨ ਨੂੰ ਖ਼ਤਮ ਕਰਨ ਦੀ ਮੰਗ ਨੂੰ ਲੈ ਕੇ ਬੰਗਲਾਦੇਸ਼ ਦੇ ਵਿਦਿਆਰਥੀਆਂ ਦਾ ਅੰਦੋਲਨ ਹਿੰਸਕ ਹੋ ਗਿਆ ਹੈ। ਹਾਲਾਤ ਇੰਨੇ ਖਰਾਬ ਹਨ ਕਿ ਪੁਲਸ ਨਾਲ ਝੜਪਾਂ ਚ 39 ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਚੁੱਕੀ ਹੈ। 2500 ਤੋਂ ਵੱਧ ਪ੍ਰਦਰਸ਼ਨਕਾਰੀ ਜ਼ਖਮੀ ਹੋਏ ਹਨ। ਲਾਠੀਆਂ, ਡੰਡਿਆਂ ਅਤੇ ਪੱਥਰਾਂ ਨਾਲ ਸੜਕਾਂ ਤੇ ਘੁੰਮ ਰਹੇ ਪ੍ਰਦਰਸ਼ਨਕਾਰੀ ਬੱਸਾਂ ਅਤੇ ਨਿੱਜੀ ਵਾਹਨਾਂ ਨੂੰ ਅੱਗ ਲਗਾ ਰਹੇ ਹਨ। ਫਿਲਹਾਲ ਬੰਗਲਾਦੇਸ਼ ਚ ਬੱਸ, ਰੇਲ ਅਤੇ ਮੈਟਰੋ ਸੇਵਾਵਾਂ ਠੱਪ ਹੋ ਗਈਆਂ ਹਨ। ਹਿੰਸਾ ਨੂੰ ਵਧਣ ਤੋਂ ਰੋਕਣ ਲਈ ਸਰਕਾਰ ਨੇ ਮੋਬਾਈਲ ਇੰਟਰਨੈੱਟ ਬੰਦ ਕਰ ਦਿੱਤਾ ਹੈ। ਸਕੂਲਾਂ, ਕਾਲਜਾਂ ਦੇ ਨਾਲ-ਨਾਲ ਮਦਰੱਸੇ ਵੀ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤੇ ਗਏ ਹਨ। ਦੇਸ਼ ਭਰ ਚ ਫੌਜ ਨੂੰ ਮੋਰਚੇ ਤੇ ਤਾਇਨਾਤ ਕੀਤਾ ਗਿਆ ਹੈ।

## ਦਿੱਲੀ ਦੇ ਹਵਾਈ ਅੱਡੇ ਤੋਂ ਵੱਡੀ ਮਾਤਰਾ ਵਿਚ ਦਵਾਈਆਂ ਬਰਾਮਦ



ਦਿੱਲੀ,( ਲੋਕ ਬਾਣੀ) ਸੀ.ਆਈ. ਐਸ.ਐਫ.ਨੇ ਵੱਖ-ਵੱਖ ਕਿਸਮਾਂ ਦੀਆਂ ਦਵਾਈਆਂ ਦੀ ਵੱਡੀ ਮਾਤਰਾ ਦਾ ਪਤਾ ਲਗਾਇਆ ਹੈ । ਅਲਮਾਟੀ, ਕਜ਼ਾਕਿਸਤਾਨ ਲਈ ਜਾ ਰਹੇ ਇਕ ਯਾਤਰੀ ਤੋਂ ਅੱਜ ਦਿੱਲੀ ਦੇ ਆਈ. ਜੀ. ਆਈ. ਹਵਾਈ ਅੱਡੇ ਤੇ 49 ਲੱਖ ਦੀਆਂ ਦਵਾਈਆਂ ਕਾਬੂ ਕੀਤੀਆਂ ਹਨ। ਯਾਤਰੀ ਦੀ ਪਛਾਣ ਖਬੀਬੁਲਾਵੇ ਅਬਦੁਮੁਤਾਲਿਬਜੋਨ ਖੋਤਮਜੋਨ ਵਜੋਂ ਹੋਈ ਹੈ। ਪੁੱਛਗਿੱਛ ਕਰਨ ਤੇ ਯਾਤਰੀ ਸਹਾਇਕ ਦਸਤਾਵੇਜ਼ ਪੇਸ਼ ਨਹੀਂ ਕਰ ਸਕਿਆ। ਬਾਅਦ ਵਿਚ, ਉਕਤ ਯਾਤਰੀ ਨੂੰ ਫੜੀਆਂ ਗਈਆਂ ਦਵਾਈਆਂ ਸਮੇਤ ਮਾਮਲੇ ਵਿਚ ਅਗਲੀ ਕਾਰਵਾਈ ਲਈ ਕਸਟਮ ਵਿਭਾਗ ਦੇ ਹਵਾਲੇ ਕਰ ਦਿੱਤਾ ਗਿਆ ।

## ਭੂਚਾਲ ਦੇ ਤੇਜ਼ ਝਟਕੀਆ ਨਾਲ ਹਿਲਿਆ ਚਿਲੀ




ਚਿਲੀ, (ਲੋਕ ਬਾਣੀ )--ਅਰਜਨਟੀਨਾ ਦੀ ਸਰਹੱਦ ਨੇੜੇ ਉੱਤਰੀ ਚਿਲੀ ਵਿੱਚ ਵੀਰਵਾਰ ਨੂੰ 7.4 ਤੀਬਰਤਾ ਦਾ ਭੂਚਾਲ ਆਇਆ। ਅਮਰੀਕੀ ਭੂ-ਵਿਗਿਆਨ ਸਰਵੇਖਣ ਨੇ ਇਹ ਜਾਣਕਾਰੀ ਦਿੱਤੀ। ਫਿਲਹਾਲ ਇਸ ਭੂਚਾਲ ਕਾਰਨ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਮਿਲੀ ਹੈ। ਯੂ.ਐਸ. ਜੀ.ਐਸ ਅਨੁਸਾਰ ਭੂਚਾਲ ਚਿਲੀ ਦੇ ਸਮੇਂ ਅਨੁਸਾਰ ਰਾਤ 9:51 ਵਜੇ 117 ਕਿਲੋਮੀਟਰ ਦੀ ਡੂੰਘਾਈ ਤੇ ਆਇਆ। ਇਸਦਾ ਕੇਂਦਰ ਚਿਲੀ ਦੇ ਸੈਨ ਪੇਡਰੋ ਡੇ ਅਟਾਕਾਮਾ ਤੋਂ ਦੱਖਣ-ਪੂਰਬ ਵਿੱਚ 45 ਕਿਲੋਮੀਟਰ (28 ਮੀਲ) ਸੀ

## ਪੰਜਾਬ ਵਿੱਚ ਕਾਨੂੰਨ ਵਿਵਸਥਾ ਦਾ ਬੂਰਾ ਹਾਲ




ਸੰਗਰੂਰ,( ਲੋਕ ਬਾਣੀ )--ਪੰਜਾਬ ਵਿੱਚ ਆਪ ਸਰਕਾਰ ਆਉਣ ਤੋ ਬਾਅਦ ਸੂਬੇ ਚ ਅਮਨ ਕਾਨੂੰਨ ਵਿਵਸਥਾ ਦਾ ਬੂਰਾ ਹਾਲ ਹੈ ਤਾਜ਼ਾ ਮਾਮਲਾ ਸੰਗਰੂਰ ਜ਼ਿਲ੍ਹੇ ਤੋਂ ਸਾਹਮਣੇ ਆਇਆ ਹੈ ਇਸ ਖਬਰ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਦਰਅਸਲ, ਪੰਜਾਬੀ ਮਾਡਲ-ਐਕਟਰ ਅਦਨਾਨ ਅਲੀ ਖ਼ਾਨ ਤੇ ਤੇਜ਼ਧਾਰ ਹਥਿਆਰਾਂ ਨਾਲ ਜਾਨਲੇਵਾ ਹਮਲਾ ਕੀਤਾ ਗਿਆ। ਇਸ ਹਮਲੇ ਚ ਅਦਨਾਨ ਅਲੀ ਖ਼ਾਨ ਦਾ ਕੰਨ ਵੱਡ ਦਿੱਤਾ

## ਨਸ਼ੇ ਕਾਰਨ ਮੌਤ ਸਬੰਧੀ ਮਾਮਲੇ ਵਿੱਚ ਦੋ ਗ੍ਰਿਫ਼ਤਾਰ



ਰਾਏਕੋਟ ,(ਲੋਕ ਬਾਣੀ ) ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਦੇ ਮੂੰਹ ਜਾ ਪਏ ਪਿੰਡ ਹਲਵਾਰਾ ਵਾਸੀ 27 ਸਾਲਾ ਨੌਜਵਾਨ ਤਰਲੋਚਨ ਸਿੰਘ ਉਰਫ਼ ਰਾਜੂ ਦੀ ਮੌਤ ਲਈ ਪਰਿਵਾਰ ਵੱਲੋਂ ਜ਼ਿੰਮੇਵਾਰ ਠਹਿਰਾਏ ਗਏ ਪਿੰਡ ਹਲਵਾਰਾ ਦੇ ਹੀ ਨੌਜਵਾਨ ਆਕਾਸ਼ਦੀਪ ਸਿੰਘ ਖ਼ਿਲਾਫ਼ ਨਵੇਂ ਅਪਰਾਧਿਕ ਕਾਨੂੰਨ ਦੀ ਧਾਰਾ 105 ਅਧੀਨ ਕੇਸ ਦਰਜ ਕਰਨ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਥਾਣਾ ਰਾਏਕੋਟ (ਸ਼ਹਿਰੀ) ਦੇ ਮੁਖੀ ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਤੋਂ ਬਾਅਦ ਪੁਲੀਸ ਨੇ ਬਰਨਾਲਾ ਚੌਂਕ ਨੇੜੇ ਪੈਂਦੀ ਛੱਜ ਘਾੜਿਆਂ ਦੀ ਬਸਤੀ ਵਿੱਚ ਰਹਿਣ ਵਾਲੀ ਸੁਨੀਤਾ ਨਾਮੀਂ ਔਰਤ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਅਨੁਸਾਰ ਆਕਾਸ਼ਦੀਪ ਸਿੰਘ ਅਤੇ ਰਾਜੂ ਨੇ ਉਸ ਕੋਲੋਂ ਨਸ਼ੀਲਾ ਪਦਾਰਥ ਖ਼ਰੀਦਿਆ ਸੀ। ਉਨ੍ਹਾਂ ਕਿਹਾ ਕਿ ਦੋਵੇਂ ਮੁਲਜ਼ਮਾਂ ਨੂੰ ਜਗਰਾਉਂ ਦੀ ਅਦਾਲਤ ਵਿੱਚ ਪੇਸ਼ ਕਰ ਕੇ ਇੱਕ ਦਿਨ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਗਿਆ ਹੈ।

## ਫ਼ੋਨ 'ਤੇ ਧਮਕੀ ਦੇ ਕੇ ਫਿਰੌਤੀਆਂ ਮੰਗਣ ਵਾਲਾ ਕਾਬੂ



ਰਾਏਕੋਟ ,(ਲੋਕ ਬਾਣੀ ) ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਦੇ ਮੂੰਹ ਜਾ ਪਏ ਪਿੰਡ ਹਲਵਾਰਾ ਵਾਸੀ 27 ਸਾਲਾ ਨੌਜਵਾਨ ਤਰਲੋਚਨ ਸਿੰਘ ਉਰਫ਼ ਰਾਜੂ ਦੀ ਮੌਤ ਲਈ ਪਰਿਵਾਰ ਵੱਲੋਂ ਜ਼ਿੰਮੇਵਾਰ ਠਹਿਰਾਏ ਗਏ ਪਿੰਡ ਹਲਵਾਰਾ ਦੇ ਹੀ ਨੌਜਵਾਨ ਆਕਾਸ਼ਦੀਪ ਸਿੰਘ ਖ਼ਿਲਾਫ਼ ਨਵੇਂ ਅਪਰਾਧਿਕ ਕਾਨੂੰਨ ਦੀ ਧਾਰਾ 105 ਅਧੀਨ ਕੇਸ ਦਰਜ ਕਰਨ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਥਾਣਾ ਰਾਏਕੋਟ (ਸ਼ਹਿਰੀ) ਦੇ ਮੁਖੀ ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਤੋਂ ਬਾਅਦ ਪੁਲੀਸ ਨੇ ਬਰਨਾਲਾ ਚੌਂਕ ਨੇੜੇ ਪੈਂਦੀ ਛੱਜ ਘਾੜਿਆਂ ਦੀ ਬਸਤੀ ਵਿੱਚ ਰਹਿਣ ਵਾਲੀ ਸੁਨੀਤਾ ਨਾਮੀਂ ਔਰਤ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

# ਬਿਲਕਿਸ ਬਾਨੋ ਗੈਂਗਰੇਪ ਮਾਮਲਾ: 2 ਦੋਸ਼ੀਆਂ ਵੱਲੋਂ ਮੰਗੀ ਗਈ ਅੰਤਰਿਮ ਜ਼ਮਾਨਤ ਸੁਪਰੀਮ ਕੋਰਟ ਨੇ ਕੀਤੀ ਰੱਦ



(ਲੋਕ ਬਾਣੀ) ਸੁਪਰੀਮ ਕੋਰਟ ਨੇ ਬਿਲਕਿਸ ਬਾਨੋ ਬਲਾਤਕਾਰ ਮਾਮਲੇ ਦੇ ਦੋ ਦੋਸ਼ੀਆਂ ਰਾਧੇਸ਼ਿਆਮ ਭਗਵਾਨਦਾਸ ਅਤੇ ਰਾਜੂਭਾਈ ਬਾਬੂਲਾਲ ਸੋਨੀ ਦੀ ਪਟੀਸ਼ਨ ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਦੋਵਾਂ ਨੇ ਜੇਲ ਤੋਂ ਜਲਦੀ ਰਿਹਾਈ ਦੀ ਅਪੀਲ ਤੇ ਨਵਾਂ ਫੈਸਲਾ ਆਉਣ ਤੱਕ ਅੰਤਰਿਮ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਸੀ।

ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਪੀਵੀ ਸੰਜੇ ਕੁਮਾਰ ਦੀ ਬੈਂਚ ਨੇ ਕਿਹਾ ਕਿ ਦੋਸ਼ੀਆਂ ਨੂੰ ਅਜਿਹਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ। ਅਦਾਲਤ ਨੇ ਪੁੱਛਿਆ, ਇਹ ਕੀ ਦਲੀਲ ਹੈ ? ਇਸ ਨੂੰ ਕਿਵੇਂ ਸਵੀਕਾਰ ਕੀਤਾ ਜਾ ਸਕਦਾ ਹੈ। ਇਹ ਪੂਰੀ ਤਰ੍ਹਾਂ ਗਲਤ ਹੈ। ਅਸੀਂ ਅਪੀਲ ਤੇ ਕਿਵੇਂ ਵਿਚਾਰ ਕਰ ਸਕਦੇ ਹਾਂ ?

ਇਸ ਤੋਂ ਬਾਅਦ ਦੋਵਾਂ ਦੋਸ਼ੀਆਂ ਨੇ ਪਟੀਸ਼ਨ ਵਾਪਸ ਲੈ ਲਈ। 8 ਜਨਵਰੀ ਨੂੰ ਅਦਾਲਤ ਨੇ ਉਸ ਦੀ ਸਜ਼ਾ ਮੁਆਫੀ ਨੂੰ ਰੱਦ ਕਰਨ ਦਾ ਫੈਸਲਾ ਸੁਣਾਇਆ ਸੀ। ਅਦਾਲਤ ਨੇ ਕਿਹਾ ਸੀ ਕਿ ਗੁਜਰਾਤ ਰਾਜ ਕੋਲ ਇਸ ਮਾਮਲੇ ਵਿੱਚ ਬਲਾਤਕਾਰ ਦੇ ਦੋਸ਼ੀਆਂ ਉੱਤੇ ਆਪਣੀ ਛੋਟ ਦੀ ਨੀਤੀ ਲਾਗੂ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਸ ਲਈ ਦੋਸ਼ੀਆਂ ਨੂੰ ਦੁਬਾਰਾ ਜੇਲ੍ਹ ਭੇਜਣ ਦੇ ਹੁਕਮ ਦਿੱਤੇ ਗਏ ਸਨ।

# ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਨੇ ਹਾਈਕੋਰਟ ਦਾ ਖੜਕਾਇਆ ਦਰਵਾਜ਼ਾ, NSA ਨੂੰ ਦਿੱਤੀ ਚਣੌਤੀ



ਖਡੂਰ ਸਾਹਿਬ(ਲੋਕ ਬਾਣੀ) ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਨੇ ਆਪਣੇ ਤੇ ਲੱਗੇ NSA ਖਿਲਾਫ਼ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਜਥੇਬੰਦੀ ਵਾਰਿਸ ਪੰਜਾਬ ਦੇ ਭਾਈ ਅੰਮ੍ਰਿਤਪਾਲ ਸਿੰਘ ਨੇ ਨੈਸ਼ਨਲ ਸਿਕਿਓਰਿਟੀ ਸੁਰੱਖਿਆ ਐਕਟ ਨੂੰ ਨਾਜਾਇਜ਼ ਅਤੇ ਗ਼ੈਰ-ਕਾਨੂੰਨੀ ਦੱਸਦਿਆਂ ਹਾਈਕੋਰਟ ਤੋਂ ਇਸ ਨੂੰ ਰੱਦ ਕਰਨ ਦੀ ਅਪੀਲ ਕੀਤੀ ਹੈ।ਅੰਮ੍ਰਿਤਪਾਲ ਸਿੰਘ ਨੇ ਪਟੀਸ਼ਨ ਚ ਕਿਹਾ ਹੈ ਕਿ ਉਨ੍ਹਾਂ ਉਪਰ ਪੰਜਾਬ ਸਰਕਾਰ ਨੇ ਦੂਜੀ ਵਾਰ ਐਨਐਸਏ ਲਗਾਉਣ ਲਈ ਜਿਹੜੇ ਕਾਰਨ ਦੱਸੇ ਹਨ, ਉਹ ਗਲਤ ਹਨ। ਉਨ੍ਹਾਂ ਕਿਹਾ ਕਿ ਉਹ ਹੁਣ ਮੈਂਬਰ ਪਾਰਲੀਮੈਂਟ ਦੀ ਚੋਣ ਵੀ ਜਿੱਤ ਚੁੱਕੇ ਹਨ, ਜਿਸ ਲਈ ਐਨਐਸਏ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਪਟੀਸ਼ਨ ਚ ਅੰਮ੍ਰਿਤਪਾਲ ਸਿੰਘ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੋਵਾਂ ਨੂੰ ਪੱਖ ਬਣਾਇਆ ਹੈ। ਹਾਈਕੋਰਟ ਵੱਲੋਂ ਇਸ ਪਟੀਸ਼ਨ ਤੇ ਹੁਣ ਅਗਲੇ ਹਫ਼ਤੇ ਸੁਣਵਾਈ ਕਰ ਸਕਦਾ ਹੈ।ਦੱਸ ਦਈਏ ਕਿ ਇਸ ਸਮੇਂ ਅੰਮ੍ਰਿਤਪਾਲ ਸਿੰਘ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ ਅਤੇ ਉਨ੍ਹਾਂ ਉਪਰ ਪੰਜਾਬ ਸਰਕਾਰ ਵੱਲੋਂ ਐਨਐਸਏ ਲਗਾਇਆ ਸੀ, ਪਰੰਤੂ ਜਦੋਂ ਇਸ ਦੀ ਮਿਆਦ ਖਤਮ ਹੋਣ ਵਾਲੀ ਸੀ ਤਾਂ ਪੰਜਾਬ ਸਰਕਾਰ ਨੇ ਮੁੜ ਇੱਕ ਦਿਨ ਪਹਿਲਾਂ 3 ਜੂਨ ਨੂੰ ਚਿੱਠੀ ਜਾਰੀ ਕਰਕੇ ਅੰਮ੍ਰਿਤਪਾਲ ਸਿੰਘ ਸਣੇ ਉਨ੍ਹਾਂ ਦੇ 9 ਸਾਥੀਆਂ ਤੇ ਲੱਗੀ ਐਨਐਸਏ ਚ ਵਾਧਾ ਕਰ ਦਿੱਤਾ ਸੀ । ਹੁਣ ਇਸ ਦੀ ਮਿਆਦ 23 ਅਪ੍ਰੈਲ 2025 ਤੱਕ ਹੈ।

# ਕੈਨੇਡਾ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਦਿੱਤਾ ਵੱਡਾ ਝਟਕਾ ! ਹੁਣ ਕੈਨੇਡਾ ਦੀ PR ਭੁੱਲ ਜਾਣ ਵਿਦਿਆਰਥੀ, ਕਿਹਾ- ਇੱਥੇ ਸਿੱਖੋ ਅਤੇ ਆਪਣੇ ਘਰ ਜਾਓ



(ਲੋਕ ਬਾਣੀ) ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿਤੀ ਹੈ ਕਿ ਉਹ ਪੱਕੇ ਤੌਰ ਤੇ ਕੈਨੇਡਾ ਵਿਚ ਨਹੀਂ ਰਹਿ ਸਕਦੇ। ਮਾਰਕ ਮਿਲਰ ਨੇ ਸਪੱਸ਼ਟ ਲਫਜ਼ਾਂ ਵਿਚ ਕਿਹਾ ਹੈ ਕਿ ਆਪਣੇ ਘਰ ਚਲੇ ਜਾਉ ਅਤੇ ਕੈਨੇਡਾ ਵਿਚ ਕੀਤੀ ਪੜ੍ਹਾਈ ਨੂੰ ਆਪਣੇ ਮੁਲਕ ਜਾ ਕੇ ਵਰਤੋ। ਇੰਮੀਗ੍ਰੇਸ਼ਨ ਮੰਤਰੀ ਨੇ ਦਾਅਵਾ ਕੀਤਾ ਕਿ ਕਿਸੇ ਨੂੰ ਵੀ ਕੈਨੇਡਾ ਵਿਚ ਪੱਕਾ ਕਰਨ ਦਾ ਵਾਅਦਾ ਨਹੀਂ ਕੀਤਾ ਗਿਆ। ਰਿਪੋਰਟ ਮੁਤਾਬਕ ਕੈਨੇਡਾ ਸਰਕਾਰ ਕੌਮਾਂਤਰੀ ਵਿਦਿਆਰਥੀਆਂ ਨੂੰ ਜਾਰੀ ਵੀਜ਼ਿਆਂ ਦੀ ਸਮੀਖਿਆ ਕਰ ਰਹੀ ਹੈ ਅਤੇ ਇਸ ਦਾ ਮੁੱਖ ਮਕਸਦ ਮੁਲਕ ਦੀ ਵਧ ਰਹੀ ਆਬਾਦੀ ਨੂੰ ਕੰਟਰੋਲ ਕਰਨ ਸਣੇ ਰੁਜ਼ਗਾਰ ਖੇਤਰ ਵਿਚ ਤਵਾਜ਼ਨ ਬਣਾ ਕੇ ਰੱਖਣਾ ਹੈ। ਮਾਰਕ ਮਿਲਰ ਨੇ ਅੱਗੇ ਕਿਹਾ ਕਿ ਕੈਨੇਡੀਅਨ ਯੂਨੀਵਰਸਿਟੀਜ਼ ਅਤੇ ਹੋਰ ਵਿਦਿਅਕ ਅਦਾਰਿਆਂ ਵਿਚ ਪੜ੍ਹ ਰਹੇ ਕੌਮਾਂਤਰੀ ਵਿਦਿਆਰਥੀ ਆਪਣੇ ਦਿਮਾਗ ਵਿਚੋਂ ਇਹ ਗੱਲ ਕੱਢ ਦੇਣ ਕਿ ਉਨ੍ਹਾਂ ਨੂੰ ਕੈਨੇਡਾ ਦੀ ਪੀ.ਆਰ. ਮਿਲ ਜਾਵੇਗੀ। ਇੰਮੀਗ੍ਰੇਸ਼ਨ ਮੰਤਰੀ ਦਾ ਕਹਿਣਾ ਸੀ ਕਿ ਕੌਮਾਂਤਰੀ ਵਿਦਿਆਰਥੀ ਕੈਨੇਡੀਅਨ ਪੀ.ਆਰ. ਦਾ ਸੁਪਨਾ ਲੈ ਕੇ ਕਿਸੇ ਵੀ ਕੋਰਸ ਵਿਚ ਦਾਖਲਾ ਲੈ ਲੈਂਦੇ ਹਨ ਪਰ ਹੁਣ ਸਾਰੀਆਂ ਚੋਰ ਮੋਰੀਆਂ ਬੰਦ ਕਰ ਦਿਤੀਆਂ ਜਾਣਗੀਆਂ।

# ਪਟਿਆਲਾ ਪੁਲਿਸ ਨੇ ਨਾਮੀ ਵਪਾਰੀ ਤੋਂ ਫਿਰੌਤੀ ਮੰਗਣ ਵਾਲੇ ਲਾਰੇਂਸ ਤੇ ਗੋਲਡੀ ਗੈਂਗ ਦੇ ਤਿੰਨ ਗੁਰਗੇ ਗ੍ਰਿਫ਼ਤਾਰ, 32 ਬੋਰ ਪਿਸਟਲ ਤੇ 5 ਜਿੰਦਾ ਕਾਰਤੂਸ ਬਰਾਮਦ



ਪਟਿਆਲਾ: (ਲੋਕ ਬਾਣੀ) ਐਸ.ਐਸ.ਪੀ ਸਾਹਿਬ ਪਟਿਆਲਾ ਸ੍ਰੀ ਵਰੁਣ ਸ਼ਰਮਾ ਆਈ.ਪੀ.ਐਸ. ਜੀ ਦੇ ਦਿਸ਼ਾ ਨਿਰਦੇਸ਼ ਤਹਿਤ ਅਤੇ ਸ੍ਰੀ: ਯੋਗੇਸ਼ ਸ਼ਰਮਾ ♦♦♥, ♥♦ (9©ɔ) ਪਟਿਆਲਾ ਦੀ ਨਿਗਰਾਨੀ ਹੇਠ ਸ੍ਰੀ: ਵਿਕਰਮਜੀਤ ਸਿੰਘ ਬਰਾੜ PPS DSP ਰਾਜਪੁਰਾ ਅਤੇ ਸ੍ਰੀ: ਅਵਤਾਰ ਸਿੰਘ PPS DSP (D) ਦੀ ਅਗਵਾਹੀ ਹੇਠ ਇੰਸਪੈਕਟਰ ਹੈਰੀ ਬੋਪਾਰਾਏ ਇੰਚਾਰਜ ਸਪੈਸਲ ਸੈਲ ਰਾਜਪੁਰਾ ਅਤੇ ਇੰਸ: ਅਮਨਦੀਪ ਸਿੰਘ ਮੁੱਖ ਅਫਸਰ ਥਾਣਾ ਸਿਟੀ ਰਾਜਪੁਰਾ ਦੀ ਪੁਲਿਸ ਪਾਰਟੀ ਵੱਲੋਂ ਰਾਜਪੁਰਾ ਸ਼ਹਿਰ ਦੇ ਨਾਮੀ ਵਪਾਰੀ ਵੱਲੋ ਡਰਾ ਧਮਕਾ ਕੇ ਪੰਜਾਹ ਲੱਖ ਰੁਪਏ ਦੀ ਫਿਰੌਤੀ ਮੰਗਣ ਵਾਲੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗੈਂਗ ਦੇ ਤਿੰਨ ਗੁਰਗੇ ਸਮੇਤ 32 ਬੋਰ ਨਜਾਇਜ ਪਿਸਟਲ ਅਤੇ 5 ਜਿੰਦਾ ਕਾਰਤੂਸਾ ਸਮੇਤ ਕਾਬੂ ਕਰਕੇ ਫਿਰੌਤੀ ਦੀ ਕੋਸਿਸ ਨੂੰ ਨਾਕਾਮ ਕਰਨ ਵਿੱਚ ਵੱਡੀ ਸਫਲਤਾ ਹਾਸਿਲ ਕੀਤੀ ਗਈ ਹੈ।

ਘਟਨਾ ਦਾ ਵੇਰਵਾ, ਗ੍ਰਿਫਤਾਰੀ ਤੇ ਬਰਾਮਦਗੀ:- ਜਿੰਨਾ ਨੇ ਦੱਸਿਆ ਕਿ ਰਾਜਪੁਰਾ ਦੇ ਇੱਕ ਨਾਮੀ ਵਪਾਰੀ ਨੂੰ ਵਿਦੇਸ਼ ਵਿੱਚ ਬੈਠੇ ਗੈਂਗਸਟਰ ਲਾਰੈਸ਼ ਬਿਸਨੋਈ ਅਤੇ ਗੋਲਡੀ ਬਰਾੜ ਵੱਲੋਂ ਵੱਖ-2 ਮੋਬਾਇਲ ਨੰਬਰਾ ਤੋਂ 50 ਲੱਖ ਦੀ ਫਿਰੌਤੀ ਲਈ ਧਮਕੀ ਭਰੀਆ ਕਾਲਾ ਕੀਤੀਆ ਜਾ ਰਹੀਆ ਸਨ, ਜਿਸਦੇ ਸਬੰਧ ਵਿੱਚ ਉਕਤ ਵਪਾਰੀ ਦੇ ਬਿਆਨ ਪਰ ਮੁਕੱਦਮਾ ਨੰਬਰ 131 ਮਿਤੀ 12-07-2024 ਗਿਆ ਸੀ ਅਤੇ ਸਪੈਸ਼ਲ ਸੈੱਲ ਰਾਜਪੁਰਾ ਅਤੇ ਸਿਟੀ ਰਾਜਪੁਰਾ ਪੁਲਿਸ ਵੱਲੋਂ ਇਸ ਫਿਰੌਤੀ ਦਾ ਸਾਥ ਦੇਣ ਵਾਲੇ ਰਾਹੁਲ ਕੁਮਾਰ ਪੁੱਤਰ ਸ੍ਰੀ ਜੋਗਿੰਦਰ ਕੁਮਾਰ ਵਾਸੀ ਮਕਾਨ ਨੰ: 117 ਗਰੀਨ ਸਿਟੀ ਫੇਸ 1 ਨੀਲਪੁਰ ਰਾਜਪੁਰਾ ਥਾਣਾ ਸਿਟੀ ਰਾਜਪੁਰਾ ਜਿਲ੍ਹਾ ਪਟਿਆਲਾ ਨੂੰ ਗ੍ਰਿਫਤਾਰ ਕਰਕੇ ਜੇਲ ਭੇਜਿਆ ਗਿਆ ਹੈ, ਜਿਸ ਤੋ ਬਾਅਦ ਪਟਿਆਲਾ ਪੁਲਿਸ ਵੱਲੋ ਲੜੀ ਨਾਲ ਲੜੀ ਜੋੜਦੇ ਹੋਏ ਉਕਤ ਵਪਾਰੀ ਦੀ ਜਾਣਕਾਰੀ ਅਤੇ ਪਤਾ ਟਿਕਾਣਾ ਗੈਂਗਸਟਰਾਂ ਨੂੰ ਦੱਸਣ ਵਾਲੇ ਨਵਜੋਤ ਸਿੰਘ ਉਰਫ ਲਾਡੀ ਪੁੱਤਰ ਜਸਪਾਲ ਸਿੰਘ ਵਾਸੀ ਗੁਲਮੋਹਰ ਕਲੋਨੀ ਨੀਲਪੁਰ ਰਾਜਪੁਰਾ ਥਾਣਾ ਸਿਟੀ ਰਾਜਪੁਰਾ ਜਿਲਾ ਪਟਿਆਲਾ ਅਤੇ ਜਤਿਨ ਕੁਮਾਰ ਪੁੱਤਰ ਨਰੇਸ਼ ਕੁਮਾਰ ਵਾਸੀ ਮਕਾਨ ਨੰਬਰ 117 ਪਾਂਡੂਸਰ ਮੁਹੱਲਾ ਨੇੜੇ ਅਚਾਰ ਫੈਕਟਰੀ ਨਾਭਾ ਜਿਲਾ ਪਟਿਆਲਾ ਹਾਲ ਕਿਰਾਏਦਾਰ ਮਕਾਨ ਨੰਬਰ 114 ਗੁਰਬਖਸ਼ ਕਲੋਨੀ ਗਊਸ਼ਾਲਾ ਰੋਡ ਰਾਜਪੁਰਾ ਨੂੰ ਮੁਕੱਦਮਾ ਹਜਾ ਵਿੱਚ ਗ੍ਰਿਫਤਾਰ ਕਰਕੇ ਪੇਸ਼ ਅਦਾਲਤ ਕੀਤਾ ਗਏ ਹਨ ਅਤੇ ਦੋਸੀ ਪੁਲਿਸ ਰਿਮਾਂਡ ਪਰ ਹਨ, ਦੋਰਾਨੇ ਰਿਮਾਂਡ ਦੋਸੀਆ ਨੇ ਕਾਫੀ ਖੁਲਾਸੇ ਕੀਤੇ ਹਨ ਕਿ ਉਹਨਾ ਵੱਲੋ ਇਸ ਵਾਰਦਾਤ ਵਿੱਚ ਵਰਤਣ ਲਈ ਰੱਖਿਆ ਇੱਕ ਨਜਾਇਜ ਅਸਲਾ 32 ਬੋਰ ਪਿਸਟਲ ਸਮੇਤ ਮੈਗਜੀਨ ਅਤੇ 05 ਜਿੰਦਾ ਕਾਰਤੂਸ ਬਰਾਮਦ ਅਤੇ ਰੈਕੀ ਲਈ ਵਰਤਿਆ ਮੋਟਰਸਾਈਕਲ ਵੀ ਬਰਾਮਦ ਕੀਤਾ ਗਿਆ ਹੈ, ਜਿਹਨਾ ਪਾਸੋ ਹੋਰ ਵੀ ਖੁਲਾਸੇ ਹੋਣ ਦੀ ਉਮੀਦ ਹੈ।

ਐਸ.ਐਸ.ਪੀ ਸਾਹਿਬ ਪਟਿਆਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਉਕਤ ਗੈਂਗਸਟਰ ਮੋਹਾਲੀ/ਪਟਿਆਲਾ ਦੇ ਏਰੀਆ ਵਿੱਚ ਕਾਫੀ ਜਿਆਦਾ ਐਕਟਿਵ ਹਨ, ਜਿਹਨਾ ਵੱਲੋ ਬੀਤੇ ਸਮੇਂ ਵਿੱਚ ਸੈਕਟਰ 05 ਚੰਡੀਗੜ ਵਿਖੇ ਫਿਰੌਤੀ ਲਈ ਫਾਇਰਿੰਗ ਕਰਵਾਈ ਸੀ। ਇਸਤੋਂ ਪਹਿਲਾ ਵੀ ਸਪੈਸ਼ਲ ਸੈੱਲ ਰਾਜਪੁਰਾ ਵੱਲੋਂ ਇਸ ਗੈਂਗ ਦੇ 2 ਗੁਰਗੇ ਹਰਜਿੰਦਰ ਸਿੰਘ ਲਾਡੀ ਵਾਸੀ ਬਨੂੰੜ ਅਤੇ ਸ਼ੁਭੀਰ ਉਰਫ ਸ਼ੁਭੀ ਵਾਸੀ ਜੀਰਕਪੁਰ ਜੋ ਟਾਰਗੇਟ ਕਿਲਿੰਗ ਦੀ ਨੀਅਤ ਨਾਲ ਰਾਜਪੁਰਾ ਆਏ ਸਨ, ਜਿਨਾ ਨੂੰ ਕਾਬੂ ਕਰਕੇ ਨਜਾਇਜ ਅਸਲੇ ਬਰਾਮਦ ਕਰਵਾਏ ਗਏ ਸਨ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਗੋਲਡੀ ਬਰਾੜ ਅਤੇ ਗੋਲਡੀ ਢਿੱਲੋ ਦੋਵੇ ਬਦਨਾਮ ਗੈਂਗਸਟਰ ਹਨ, ਜਿਹਨਾ ਪਰ ਐਨ.ਆਈ.ਏ ਵੱਲੋ 10/10 ਲੱਖ ਰੁਪਏ ਦਾ ਇਨਾਮ ਘੋਸ਼ਿਤ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਦੋਸੀਆਨ ਦਾ ਪਹਿਲਾ ਵੀ ਕਰੀਮੀਨਲ ਬੈਕਗਰਾਊਂਡ ਹੈ, ਜਿਹਨਾ ਖਿਲਾਫ ਪਹਿਲਾ ਵੀ ਕਾਫੀ ਮੁੱਕਦਮਾਤ ਦਰਜ ਹਨ, ਦੋਸੀ ਪੁਲਿਸ ਰਿਮਾਂਡ ਪਰ ਹਨ।

# ਸਖੀ ਵਨ ਸਟੌਪ ਸੈਂਟਰ ਰਾਹੀ 1214 ਤੋਂ ਵੀ ਵੱਧ ਲੋੜਵੰਦ ਔਰਤਾਂ ਨੇ ਉਠਾਇਆ ਲਾਭ



ਗੁਰਦਾਸਪੁਰ-ਨਵਨੀਤ ਕੁਮਾਰ - ਇਸਤਰੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਅਧਿਕਾਰਾਂ ਤੋਂ ਜਾਣੂ ਕਰਵਾਉਣ ਸਬੰਧੀ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਭਾਰਤ ਸਰਕਾਰ ਵੱਲੋਂ ਪ੍ਰਾਪਤ ਸਪੈਸ਼ਲ ਜਾਗਰੂਕਤਾ 100 ਦਿਨਾਂ ਕਲੰਡਰ ਦੇ ਸਬੰਧ ਵਿੱਚ ਲੋਕਾਂ ਨੂੰ ਸਖੀ ਵਨ ਸਟੌਪ ਸੈਂਟਰ ਅਤੇ ਜ਼ਿਲ੍ਹਾ ਹੱਬ (ਡੀ.ਐਚ.ਈ.ਡਬਲਯੂ) ਰਾਹੀ ਔਰਤਾਂ ਦੇ ਵੱਖ -ਵੱਖ ਅਧਿਕਾਰਾਂ ਤੇ ਸਕੀਮਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ । ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸੰਜੀਵ ਕੁਮਾਰ ਬਸ਼ੀਨ ਨੇ ਦੱਸਿਆ ਕਿ ਔਰਤਾਂ ਨੂੰ ' ਬੇਟੀ ਬਚਾਓ ਬੇਟੀ ਪੜ੍ਹਾਓ 'ਸਖੀ ਵਨ ਸਟੌਪ ਸੈਂਟਰ, ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ, ਮੁਫ਼ਤ ਕਾਨੂੰਨੀ ਸਹਾਇਤਾ, ਮਹਿਲਾ ਹੈਲਪ ਲਾਈਨ ਨੰਬਰ 181 ਆਦਿ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ । ਸਖੀ ਵਨ ਸਟੌਪ ਸੈਂਟਰ,ਗੁਰਦਾਸਪੁਰ ਦੇ ਮੈਂਬਰ ਜਾਗਰੂਕਤਾ ਗਤੀਵਿਧੀਆਂ ਚ ਹਿੱਸਾ ਲੈਂਦੇ ਹੋਏ ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਚੱਲ ਰਹੇ ਸਖੀ ਵਨ ਸਟੌਪ ਸੈਂਟਰ , ਮਹਿਲਾ ਹੈਲਪ ਲਾਈਨ ਨੰਬਰ ਰਾਹੀਂ ਪੀੜਤ ਔਰਤਾਂ ਨੂੰ ਕਾਫ਼ੀ ਮਦਦ ਮਿਲ ਰਹੀ ਹੈ, ਜਿਸ ਚ ਘਰੇਲੂ ਹਿੰਸਾ, ਤੇਜ਼ਾਬੀ ਹਮਲਾ, ਛੇੜਛਾੜ ਦੇ ਅਪਰਾਧ , ਸਾਈਬਰ ਕ੍ਰਾਈਮ ਜਾਂ ਕਿਸੇ ਵੀ ਤਰ੍ਹਾਂ ਦੇ ਹੋ ਰਹੇ ਅੱਤਿਆਚਾਰ ਸਬੰਧੀ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਤਹਿਤ ਮਨੋਵਿਗਿਆਨਿਕ ਕੌਂਸਲਿੰਗ ,ਪੁਲਸ ਸਹਾਇਤਾ, ਮੁਫ਼ਤ ਕਾਨੂੰਨੀ ਸਹਾਇਤਾ, ਮੈਡੀਕਲ ਸਹਾਇਤਾ ਅਤੇ ਲੋੜਵੰਦਾਂ ਨੂੰ ਅਸਥਾਈ ਰਿਹਾਇਸ਼ ਪ੍ਰਦਾਨ ਕੀਤੀ ਜਾ ਰਹੀ ਹੈ । ਉਨ੍ਹਾਂ ਦੱਸਿਆ ਕਿ ਸਖੀ ਵਨ ਸਟੌਪ ਸੈਂਟਰ ਗੁਰਦਾਸਪੁਰ ਹੁਣ ਤੱਕ 1214 ਦੇ ਕਰੀਬ ਹਿੰਸਾ ਨਾਲ ਪੀੜਤ ਔਰਤਾਂ ਨੂੰ ਵੱਖ-ਵੱਖ ਸਹਾਇਤਾ ਪ੍ਰਦਾਨ ਕਰ ਚੁੱਕਾ ਹੈ ਅਤੇ ਅਜਿਹੀਆਂ ਸਹੂਲਤਾਂ ਮਿਸ਼ਨ ਸੰਕਲਪ ਅਧੀਨ ਇਹ 100 ਦਿਨਾਂ ਦੀ ਜਾਗਰੂਕਤਾ ਗਤੀਵਿਧੀਆਂ ਦੇਸ਼ ਭਰ ਚ ਜਾਰੀ ਹਨ । ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਔਰਤਾਂ ਦੇ ਪੱਖ ਚ ਆਏ ਨਵੇਂ ਕਾਨੂੰਨਾਂ ਬਾਰੇ ਜਾਣੂ ਕਰਵਾਉਣ ਦੇ ਨਾਲ ਨਾਲ ਵਿਭਾਗ ਦੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਲੋੜਵੰਦ ਔਰਤਾਂ ਲਾਭ ਉਠਾ ਸਕਣ ।

# ਜੋਗਿੰਦਰ ਸਿੰਘ ਮਾਨ ਨੇ ਮੁਹੱਲਾ ਕੌਂਸਲਰ ਵਿਖੇ 23.80 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਕਰਵਾਏ ਵਿਕਾਸ ਦੇ ਕੰਮ



ਫਗਵਾੜਾ (ਜੀਵਨ ਸੰਘਾ) ਆਮ ਆਦਮੀ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਅੱਜ ਫਗਵਾੜਾ ਦੇ ਮੁਹੱਲਾ ਕੌਂਸਲਰ ਵਿਖੇ 23.80 ਲੱਖ ਰੁਪਏ ਦੀ ਲਾਗਤ ਨਾਲ ਵੱਖ ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾ ਇਸ ਮੌਕੇ ਸੰਬੋਧਨ ਕਰਦਿਆਂ ਉਹਨਾਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਫਗਵਾੜਾ ਵਿਧਾਨਸਭਾ ਹਲਕੇ ਦੇ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਦਾ ਸਮੁੱਚਾ ਵਿਕਾਸ ਕਰਵਾਇਆ ਜਾ ਰਿਹਾ ਹੈ। ਵਿਕਾਸ ਕਾਰਜਾਂ ਵਿਚ ਫੰਡਾਂ ਦੀ ਕੋਈ ਘਾਟ ਨਾ ਹੋਣ ਦੇਣ ਦੀ ਗੱਲ ਵੀ ਉਹਨਾਂ ਕਹੀ ਮਾਨ ਨੇ ਮੁਹੱਲਾ ਕੌਂਸਲਰ ਦੇ ਵਸਨੀਕਾਂ ਨੂੰ ਭਰੋਸਾ ਦਿੱਤਾ ਕਿ ਸ਼ਹਿਰ ਦੇ ਹੋਰਨਾਂ ਵਾਰਡਾਂ ਦੀ ਤਰ੍ਹਾਂ ਇਸ ਮੁਹੱਲੇ ਅਤੇ ਵਾਰਡ ਦਾ ਵੀ ਸੰਪੂਰਨ ਵਿਕਾਸ ਮੈਰਿਟ ਦੇ ਅਧਾਰ ਤੇ ਵਾਰੋ ਵਾਰੀ ਕਰਵਾਇਆ ਜਾਵੇਗਾ। ਇਸ ਤੋਂ ਪਹਿਲਾਂ ਮੁਹੱਲਾ ਕੌਂਸਲਰ ਵਿਖੇ ਪੁੱਜਣ ਤੇ ਜੋਗਿੰਦਰ ਸਿੰਘ ਮਾਨ ਅਤੇ ਉਹਨਾਂ ਦੇ ਸਾਥੀਆਂ ਦਾ ਬਲਾਕ ਪ੍ਰਧਾਨ ਰਾਜਾ ਕੌਂਸਲਰ ਦੀ ਅਗਵਾਈ ਹੇਠ ਨਿੱਘਾ ਸਵਾਗਤ ਕੀਤਾ ਗਿਆ। ਰਾਜਾ ਕੌਂਸਲਰ ਨੇ ਮੁਹੱਲੇ 'ਚ ਵਿਕਾਸ ਕਾਰਜ ਸ਼ੁਰੂ ਕਰਵਾਉਣ ਲਈ ਜੋਗਿੰਦਰ ਸਿੰਘ ਮਾਨ ਅਤੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਆਪ ਆਗੂ ਹਰਮੇਸ਼ ਪਾਠਕ ਤੋਂ ਇਲਾਵਾ ਕੰਵਰਪਾਲ ਸਿੰਘ ਜੇ.ਈ ਅਤੇ ਹੋਰ ਪਤਵੰਤੇ ਹਾਜ਼ਰ ਸਨ

# ਸ਼ੇਰਪੁਰ ਪੁਲਿਸ ਵੱਲੋਂ ਸਕੂਟਰੀ ਸਮੇਤ 48 ਬੋਤਲਾਂ ਸ਼ਰਾਬ ਬਰਾਮਦ ਦੋਸ਼ੀ ਭੱਜਿਆ

ਸ਼ੇਰਪੁਰ , ( ਹਰਜੀਤ ਸਿੰਘ ਕਾਤਿਲ ) - ਜ਼ਿਲਾ ਪੁਲਿਸ ਮੁਖੀ ਸੰਗਰੂਰ ਸਰਤਾਜ ਸਿੰਘ ਚਾਹਲ ਆਈ.ਪੀ.ਐਸ ਦੀਆਂ ਹਦਾਇਤਾ ਅਨੁਸਾਰ ਤਲਵਿੰਦਰ ਸਿੰਘ ਗਿੱਲ ਉਪ ਕਪਤਾਨ ਪੁਲਿਸ ਸਬ ਡਵੀਜਨ ਧੂਰੀ ਅਤੇ ਥਾਣੇ: ਗੁਰਪਾਲ ਸਿੰਘ ਮੁੱਖ ਅਫਸਰ ਥਾਣਾ ਸੇਰਪੁਰ ਦੀ ਯੋਗ ਰਹਿਨੁਮਾਈ ਹੇਠ ਨਸੀਲੇ ਪਦਾਰਥਾਂ ਅਤੇ ਸਰਾਬ ਦਾ ਧੰਦਾ ਕਰਨ ਵਾਲਿਆ ਵਿਰੁੱਧ ਚਲਾਈ ਮੁਹਿੰਮ ਦੋਰਾਨ ਥਾਣਾ ਸੇਰਪੁਰ ਦੀ ਪੁਲਿਸ ਨੂੰ ਸਫਲਤਾ ਮਿਲੀ ਹੈ । ਥਾਣਾ ਮੁਖੀ ਸਬ ਇੰਸ ਗੁਰਪਾਲ ਸਿੰਘ ਨੇ ਦੱਸਿਆ ਕਿ ਸਹਾ ਥਾਣੇ ਬਲਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਦੌਰਾਨੇ ਗਸਤ ਇਕ ਸੱਕੀ ਵਿਅਕਤੀ ਜੋ ਸਕੂਟਰੀ ਐਕਟਿਵਾ ਪਰ ਆ ਰਿਹਾ ਸੀ ਨੂੰ ਰੁਕਣ ਦਾ ਇਸ਼ਾਰਾ ਕੀਤਾ ਜੋ ਹਨੇਰੇ ਦਾ ਫਾਇਦਾ ਉਠਾਉਦਾ ਹੋਇਆ ਮੌਕਾ ਤੋ ਸਕੂਟਰੀ ਸਮੇਤ 48 ਬੋਤਲਾ ਸਰਾਬ ਠੇਕਾ ਦੇਸੀ ਮਾਰਕਾ ਪੰਜਾਬ ਰਾਂਝਾ ਸੌਫੀ ਛੱਡ ਕੇ ਭੱਜ ਗਿਆ ਜਿਸਤੇ ਮੁਕੱਦਮਾ ਨੰਬਰ 54 ਮਿਤੀ 18.07.2024 ਅ/ਧ 61,1,14 ਅਕਸਾਇਜ ਐਕਟ ਅਧੀਨ ਥਾਣਾ ਸੇਰਪੁਰ ਵਿਖੇ ਦਰਜ ਰਜਿਸਟਰ ਕਰਵਾਇਆ ਗਿਆ ਤੇ ਤਫਤੀਸ ਅਮਲ ਵਿਚ ਲਿਆਂਦੀ ਗਈ ।

# ਸਰਬ ਨੌਜਵਾਨ ਸਭਾ ਨੇ ਡੀ.ਐਸ.ਪੀ. ਬਣਨ ਤੇ ਉਂਕਾਰ ਸਿੰਘ ਬਰਾੜ ਦਾ ਕੀਤਾ ਸਨਮਾਨ

## ਥਾਣਾ ਸਿਟੀ ਦੇ ਇੰਚਾਰਜ ਵਜੋਂ ਉਹਨਾਂ ਦੀਆਂ ਸੇਵਾਵਾਂ ਨੂੰ ਕੀਤਾ ਯਾਦ




ਫਗਵਾੜਾ (ਜੀਵਨ ਸੰਘਾ) ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵਲੋਂ ਪੰਜਾਬ ਪੁਲਿਸ ਦੇ ਜੁਝਾਰੂ ਅਫਸਰ ਉਂਕਾਰ ਸਿੰਘ ਬਰਾੜ ਨੂੰ ਇੰਸਪੈਕਟਰ ਤੋਂ ਡੀ.ਐਸ.ਪੀ. ਪ੍ਰਮੋਟ ਹੋਣ ਤੇ ਉਹਨਾਂ ਦੇ ਸਨਮਾਨ ਵਿਚ ਇਕ ਸਮਾਗਮ ਸਥਾਨਕ ਹੇਅਰ ਪੈਲੇਸ ਵਿਖੇ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਏ ਸਮਾਗਮ ਦੌਰਾਨ ਨਗਰ ਸੁਧਾਰ ਟਰੱਸਟ ਫਗਵਾੜਾ ਦੇ ਚੇਅਰਮੈਨ ਕਸ਼ਮੀਰ ਸਿੰਘ ਮੱਲ੍ਹੀ ਐਡਵੋਕੇਟ ਤੋਂ ਇਲਾਵਾ ਸਭਾ ਦੇ ਸਲਾਹਕਾਰ ਕਮੇਟੀ ਮੈਂਬਰ ਅਵਤਾਰ ਸਿੰਘ ਮੰਡ, ਸੰਤੋਸ਼ ਕੁਮਾਰ ਗੋਗੀ, ਰਾਜ ਕੁਮਾਰ ਮੱਟੂ, ਜਤਿੰਦਰ ਸਿੰਘ ਕੁੰਦੀ ਤੇ ਪ੍ਰਿੰ: ਗੁਰਮੀਤ ਸਿੰਘ ਪਲਾਹੀ ਵਿਸ਼ੇਸ਼ ਤੌਰ ਹਾਜਰ ਆਏ। ਸਮੂਹ ਪਤਵੰਤਿਆਂ ਵਲੋਂ ਡੀ.ਐਸ.ਪੀ. ਉਂਕਾਰ ਸਿੰਘ ਬਰਾੜ ਦਾ ਸਮਾਗਮ 'ਚ ਪੁੱਜਣ ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਸਭਾ ਦੇ ਸਮੂਹ ਮੈਂਬਰਾਂ ਨੇ ਉਹਨਾਂ ਨੂੰ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਖੂਬਸੂਰਤ ਤਸਵੀਰ ਅਤੇ ਦੁਸ਼ਾਲਾ ਭੇਂਟ ਕਰਦਿਆਂ ਸਨਮਾਨਤ ਕੀਤਾ। ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਕਰੋਨਾ ਕਾਲ ਦੌਰਾਨ ਬਤੌਰ ਐਸ.ਐਚ.ਓ. ਥਾਣਾ ਸਿਟੀ ਤਾਇਨਾਤ ਰਹੇ ਉਂਕਾਰ ਸਿੰਘ ਬਰਾੜ ਨੇ ਸਭਾ ਵਲੋਂ ਲੋਕ ਸੇਵਾ ਦੇ ਕੀਤੇ ਜਾ ਰਹੇ ਕਾਰਜਾਂ 'ਚ ਵਡਮੁੱਲਾ ਸਹਿਯੋਗ ਹੀ ਨਹੀਂ ਦਿੱਤਾ, ਸਗੋਂ ਖੁੱਦ ਇਕ ਯੋਧੇ ਦੀ ਤਰ੍ਹਾਂ ਕੋਰੋਨਾ ਵਾਇਰਸ ਦੇ ਰੂਪ 'ਚ ਸੜਕਾਂ 'ਤੇ ਘੁੰਮ ਰਹੀ ਭਿਆਨਕ ਬਿਮਾਰੀ ਤੋਂ ਬੇਪਰਵਾਹ ਹੋ ਕੇ ਫਗਵਾੜਾ ਦੇ ਵਸਨੀਕਾਂ ਨੂੰ ਹਰ ਸੰਭਵ ਮੱਦਦ ਪਹੁੰਚਾਉਣ ਦਾ ਯਤਨ ਕੀਤਾ। ਜਿਸ ਕਰਕੇ ਉਹਨਾਂ ਨੂੰ ਦੋ ਵਾਰ ਕੋਵਿਡ ਇਨਫੈਕਸ਼ਨ ਵੀ ਹੋਇਆ ਪਰ ਉਹਨਾਂ ਨੇ ਆਪਣੇ ਫਰਜ਼ ਤੋਂ ਮੂੰਹ ਨਹੀਂ ਮੋੜਿਆ। ਐਡਵੋਕੇਟ ਕਸ਼ਮੀਰ ਸਿੰਘ ਮੱਲ੍ਹੀ ਅਤੇ ਅਵਤਾਰ ਸਿੰਘ ਮੰਡ ਨੇ ਕਿਹਾ ਕਿ ਬਤੌਰ ਐਸ.ਐਚ.ਓ. ਉਂਕਾਰ ਸਿੰਘ ਬਰਾੜ ਨੇ ਪੂਰੀ ਤਨਦੇਹੀ ਅਤੇ ਦ੍ਰਿੜਤਾ ਨਾਲ ਫਗਵਾੜਾ ਸ਼ਹਿਰ ਦੇ ਅਮਨ ਕਾਨੂੰਨ ਦੀ ਬਹਾਲੀ ਨੂੰ ਯਕੀਨੀ ਬਣਾਇਆ ਸੀ ਅਤੇ ਉਹ ਆਸ ਕਰਦੇ ਹਨ ਕਿ ਡੀ.ਐਸ.ਪੀ. ਪ੍ਰਮੋਟ ਹੋਣ ਤੋਂ ਬਾਅਦ ਵੀ ਉਹਨਾਂ ਦੀਆਂ ਬਿਹਤਰੀਨ ਸੇਵਾਵਾਂ ਪੁਲਿਸ ਵਿਭਾਗ ਨੂੰ ਪ੍ਰਾਪਤ ਹੋਣਗੀਆਂ। ਸੰਤੋਸ਼ ਕੁਮਾਰ ਗੋਗੀ ਨੇ ਉਂਕਾਰ ਸਿੰਘ ਬਰਾੜ ਨੂੰ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਥਾਣਾ ਸਿਟੀ ਦੇ ਐਸ.ਐਚ.ਓ. ਵਜੋਂ ਉਂਕਾਰ ਸਿੰਘ ਬਰਾੜ ਸ਼ਹਿਰ ਵਿੱਚ ਬਹੁਤ ਹਰਮਨ ਪਿਆਰੇ ਪੁਲਿਸ ਅਫਸਰ ਸਨ ਅਤੇ ਉਹ ਸਮਾਜ ਸੇਵੀ ਸੰਸਥਾਵਾਂ ਦੇ ਨਾਲ ਰੱਲ ਕੇ ਕੋਵਿਡ ਲਾਕਡਾਊਨ ਸਮੇਂ ਆਮ ਲੋਕਾਂ ਦੇ ਭਾਈਵਾਲ ਬਣੇ। ਡੀ.ਐਸ.ਪੀ. ਉਂਕਾਰ ਸਿੰਘ ਬਰਾੜ ਨੇ ਸਰਬ ਨੌਜਵਾਨ ਸਭਾ ਵਲੋਂ ਮਿਲੇ ਸਤਿਕਾਰ ਲਈ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹਨਾਂ ਨੇ ਹਮੇਸ਼ਾ ਆਪਣੇ ਫਰਜ਼ ਨੂੰ ਪੂਰੀ ਇਮਾਨਦਾਰੀ ਦੇ ਨਾਲ ਨਿਭਾਇਆ ਹੈ ਅਤੇ ਬਤੌਰ ਡੀ.ਐਸ.ਪੀ. ਨਵੀਂ ਜਿੰਮੇਵਾਰੀ ਨੂੰ ਵੀ ਉਸੇ ਤਨਦੇਹੀ ਦੇ ਨਾਲ ਨਿਭਾਉਣਗੇ। ਸਟੇਜ ਦੀ ਸੇਵਾ ਲੈਕਚਰਾਰ ਹਰਜਿੰਦਰ ਗੋਗਨਾ ਵਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਰਸ਼ਪਾਲ ਰਾਏ ਗੁਪਤਾ, ਸੁਖਵਿੰਦਰ ਸਿੰਘ ਸੱਲ, ਡਾ: ਵਿਜੇ ਕੁਮਾਰ, ਸਾਹਿਬਜੀਤ ਸਾਬੀ, ਜਸ਼ਨ ਮਹਿਰਾ, ਮਨਦੀਪ ਬੱਸੀ, ਨਰਿੰਦਰ ਸੈਣੀ, ਰਾਕੇਸ਼ ਕੋਛੜ, ਗੁਰਦੀਪ ਸਿੰਘ ਤੁੱਲੀ, ਵਿੱਕੀ ਸਿੰਘ, ਰਵਿੰਦਰ ਸਿੰਘ ਰਾਏ, ਰਾਜਕੁਮਾਰ ਰਾਜਾ ਆਦਿ ਮੌਜੂਦ ਸਨ

# ਖੱਤਰੀ ਸਮਾਜ ਵੈਲਫੇਅਰ ਸੁਸਾਇਟੀ ਨੇ ਰਮਨ ਨਹਿਰਾ ਦੀ ਅਗਵਾਈ 'ਚ ਗੁਰੂ ਨਾਨਕ ਕਾਲਜ ਵਿਖੇ ਲਗਾਏ ਬੂਟੇ

## ਏ.ਡੀ.ਸੀ. ਅਨੁਪਮ ਕਲੇਰ ਨੇ ਕਰਵਾਈ ਬੂਟੇ ਲਗਾਉਣ ਦੀ ਸ਼ੁਰੂਆਤ




ਫਗਵਾੜਾ (ਜੀਵਨ ਸੰਘਾ) ਸਾਉਣ ਦੇ ਮਹੀਨੇ ਵਿੱਚ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਦਿੰਦੇ ਹੋਏ ਖੱਤਰੀ ਸਮਾਜ ਵੈਲਫੇਅਰ ਸੁਸਾਇਟੀ ਫਗਵਾੜਾ (ਰਜਿ.) ਵੱਲੋਂ ਸੁਸਾਇਟੀ ਦੇ ਪ੍ਰਧਾਨ ਰਮਨ ਨਹਿਰਾ ਦੀ ਅਗਵਾਈ ਹੇਠ ਸਥਾਨਕ ਗੁਰੂ ਨਾਨਕ ਕਾਲਜ ਵਿਖੇ ਕਾਲਜ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬੂਟੇ ਲਗਾਏ ਗਏ। ਇਸ ਦੌਰਾਨ ਆਯੋਜਿਤ ਸਮਾਗਮ ਦੌਰਾਨ ਏ.ਡੀ.ਸੀ. ਕਮ ਨਗਰ ਨਿਗਮ ਕਮਿਸ਼ਨਰ ਅਨੁਪਮ ਕਲੇਰ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਬੂਟੇ ਲਗਾਉਣਦੀ ਮੁਹਿਮ ਦੀ ਆਰੰਭਤਾ ਕਰਵਾਈ ਅਤੇ ਸੁਸਾਇਟੀ ਤੇ ਕਾਲਜ ਪ੍ਰਬੰਧਕ ਕਮੇਟੀ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਨੁੱਖ ਅਤੇ ਰੁੱਖਾਂ ਦਾ ਆਪਸ ਵਿੱਚ ਗੂੜ੍ਹਾ ਰਿਸ਼ਤਾ ਹੈ। ਰੁੱਖਾਂ ਤੋਂ ਸਾਨੂੰ ਸ਼ੁੱਧ ਹਵਾ ਹੀ ਨਹੀਂ ਮਿਲਦੀ ਸਗੋਂ ਪੌਸ਼ਟਿਕ ਫਲ ਅਤੇ ਜੜ੍ਹੀਆਂ ਬੂਟੀਆਂ ਵੀ ਮਿਲਦੀਆਂ ਹਨ। ਉਨ੍ਹਾਂ ਕਿਹਾ ਕਿ ਵਿਸ਼ਵ ਵਿੱਚ ਵੱਧ ਰਹੀ ਆਬਾਦੀ, ਵੱਡੇ ਪੱਧਰ 'ਤੇ ਉਦਯੋਗਾਂ ਦੀ ਸਥਾਪਨਾ ਅਤੇ ਸ਼ਹਿਰੀਕਰਨ ਦੇ ਚਲਦਿਆਂ ਦਰੱਖਤਾਂ ਦੀ ਅੰਨ੍ਹੇਵਾਹ ਕਟਾਈ ਨੇ ਮੌਸਮ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਗਲੇਸ਼ੀਅਰ ਪਿਘਲ ਰਹੇ ਹਨ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਆਮ ਹਨ। ਅੱਤ ਦੀ ਗਰਮੀ, ਬਰਸਾਤ ਅਤੇ ਠੰਢ ਵੀ ਰੁੱਖਾਂ ਦੀ ਲਗਾਤਾਰ ਘਟ ਰਹੀ ਗਿਣਤੀ ਦੇ ਕਾਰਨ ਹਨ। ਇਸ ਲਈ ਹਰ ਵਿਅਕਤੀ ਨੂੰ ਰੁੱਖ ਲਗਾਉਣਾ ਆਪਣਾ ਫਰਜ਼ ਸਮਝਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਸੁਸਾਇਟੀ ਦੇ ਪ੍ਰਧਾਨ ਰਮਨ ਨਹਿਰਾ, ਪ੍ਰਿੰਸੀਪਲ ਗੁਰਦੇਵ ਸਿੰਘ ਅਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਤਿੰਦਰ ਸਿੰਘ ਪਲਾਹੀ ਵੱਲੋਂ ਮੁੱਖ ਮਹਿਮਾਨ ਦਾ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ ਗਿਆ। ਰਮਨ ਨਹਿਰਾ ਨੇ ਦੱਸਿਆ ਕਿ ਉਨ੍ਹਾਂ ਦੀ ਸੁਸਾਇਟੀ ਹਰ ਸਾਲ ਬਰਸਾਤ ਦੇ ਮੌਸਮ ਦੌਰਾਨ ਰੁੱਖ ਲਗਾਉਂਦੀ ਹੈ। ਇਸ ਦੌਰਾਨ ਉਨ੍ਹਾਂ ਸਮੂਹ ਫਗਵਾੜਾ ਵਾਸੀਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਜੋ ਵੀ ਬੂਟੇ ਲਗਾਏ ਜਾਣ, ਉਨ੍ਹਾਂ ਦੀ ਸਾਂਭ ਸੰਭਾਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਤਾਂ ਹੀ ਬੂਟੇ ਲਗਾਉਣਾ ਸਾਰਥਿਕ ਹੋਵੇਗਾ। ਰਮਨ ਨਹਿਰਾ ਨੇ ਮੁੱਖ ਮਹਿਮਾਨ ਦਾ ਪਹੁੰਚਣ ਲਈ ਅਤੇ ਰੁੱਖ ਲਗਾਉਣ ਵਿੱਚ ਕਾਲਜ ਸਟਾਫ਼ ਅਤੇ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਰਣਵੀਰ ਦੁੱਗਲ, ਮਹਿੰਦਰ ਸੇਠੀ ਸੈਕਟਰੀ, ਰਾਜੀਵ ਓਹਰੀ, ਪਰਮਿੰਦਰ ਸਿੰਘ ਪੰਮੀ, ਅਮਰਜੀਤ ਸਿੰਘ ਬਸੂਟਾ, ਮੋਹਨ ਸਿੰਘ ਸਾਈਂ, ਏ.ਐਸ.ਆਈ. ਅਮਰਜੀਤ ਸਿੰਘ, ਏ.ਐਸ.ਆਈ ਮਹਿੰਦਰ ਸਿੰਘ ਸਮੇਤ ਸਮੂਹ ਸੁਸਾਇਟੀ ਮੈਂਬਰ, ਕਾਲਜ ਸਟਾਫ਼ ਅਤੇ ਹੋਰ ਪਤਵੰਤੇ ਹਾਜ਼ਰ ਸਨ

# ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਖੰਨਾ ਵੱਲੋਂ ਫੁਟਬਾਲ ਟੂਰਨਾਮੈਂਟ ਦਾ ਉਦਘਾਟਨ




ਲੁਧਿਆਣਾ, (ਸੁਖਚੈਨ ਮਹਿਰਾ) – ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਖੰਨਾ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਆਪਣੀ ਜੰਗ ਤਹਿਤ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਦੋ ਰੋਜ਼ਾ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ।

ਟੂਰਨਾਮੈਂਟ ਦਾ ਉਦਘਾਟਨ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅਤੇ ਐਸ.ਐਸ.ਪੀ. ਅਮਨੀਤ ਕੌਂਡਲ ਨੇ ਕੀਤਾ।

ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਨੇ ਦੱਸਿਆ ਕਿ ਇਸ ਨਿਵੇਕਲੀ ਪਹਿਲਕਦਮੀ ਦਾ ਉਦੇਸ਼ ਲੁਧਿਆਣਾ ਨੂੰ ਨਸ਼ਾ ਮੁਕਤ, ਸਿਹਤਮੰਦ ਅਤੇ ਖੁਸ਼ਹਾਲ ਜ਼ਿਲ੍ਹਾ ਬਣਾਉਣਾ ਹੈ ਅਤੇ ਨੌਜਵਾਨਾਂ ਨੂੰ ਖੇਡ ਗਤੀਵਿਧੀਆਂ ਵਿੱਚ ਸ਼ਾਮਲ ਕਰਨਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਇਸ ਖ਼ਤਰੇ ਨੂੰ ਠੱਲ੍ਹ ਪਾਉਣ ਲਈ ਠੋਸ ਯਤਨ ਕੀਤੇ ਜਾ ਰਹੇ ਹਨ ਪਰ ਅਜਿਹੇ ਉਪਰਾਲੇ ਤਾਂ ਹੀ ਸਾਰਥਕ ਹੋ ਸਕਦੇ ਹਨ ਜੇਕਰ ਲੋਕ ਇਸ ਲਾਹਣਤ ਨੂੰ ਖ਼ਤਮ ਕਰਨ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਜੇਕਰ ਨੌਜਵਾਨ ਪੀੜ੍ਹੀ ਆਪਣੇ ਆਪ ਨੂੰ ਖੇਡਾਂ ਨਾਲ ਜੋੜਦੀ ਹੈ ਤਾਂ ਉਹ ਨਾ ਸਿਰਫ਼ ਖਿਡਾਰੀ ਬਣ ਸਕਣਗੇ ਸਗੋਂ ਚੰਗੀਆਂ ਨੌਕਰੀਆਂ ਦੇ ਮੌਕੇ ਵੀ ਪ੍ਰਾਪਤ ਕਰਨਗੇ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਤੰਦਰੁਸਤ ਰਹਿਣਗੇ।ਟੂਰਨਾਮੈਂਟ ਵਿੱਚ 10 ਪੁਰਸ਼ ਟੀਮਾਂ ਅਤੇ ਦੋ ਮਹਿਲਾ ਟੀਮਾਂ ਹਨ। ਪਹਿਲਾ ਇਨਾਮ 11000 ਰੁਪਏ ਟਰਾਫੀ, ਦੂਜਾ ਇਨਾਮ 5100 ਰੁਪਏ ਅਤੇ ਟਰਾਫੀ ਅਤੇ ਤੀਜਾ ਇਨਾਮ 3100 ਰੁਪਏ ਅਤੇ ਟਰਾਫੀ ਦਿੱਤੀ ਜਾਵੇਗੀ। ਚੌਥਾ ਇਨਾਮ ਸਿਰਫ ਟਰਾਫੀ ਹੋਵੇਗਾ। ਭਾਗੀਦਾਰੀ ਦਾ ਪ੍ਰਮਾਣ ਪੱਤਰ ਅਤੇ ਟੀਮ ਜਰਸੀ ਸਾਰੇ ਭਾਗੀਦਾਰਾਂ ਨੂੰ ਖੰਨਾ ਪੁਲਿਸ ਵੱਲੋਂ ਦਿੱਤੀ ਜਾਵੇਗੀ।ਇਸ ਮੌਕੇ ਐਸ.ਡੀ.ਐਮ. ਰਜਨੀਸ਼ ਅਰੋੜਾ, ਐਸ.ਪੀ. ਐਚ. ਖੰਨਾ ਤਰੁਣ ਰਤਨ, ਡੀ.ਐਸ.ਪੀ. ਤਰਲੋਚਨ ਸਿੰਘ, ਸੁਖਅਮ੍ਰਿਤ ਰੰਧਾਵਾ, ਪਲਵਿੰਦਰ ਸਿੰਘ, ਰਵਿੰਦਰ ਰੰਧਾਵਾ, ਕਰਮਵੀਰ ਤੂਰ, ਐਸ.ਐਮ.ਓ ਡਾ. ਤਰਕਜੋਤ ਸਿੰਘ ਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਹਰ ਸ਼ੁੱਕਰਵਾਰ-ਡੇਂਗੂ ਤੇ ਵਾਰ ਤਹਿਤ ਸਿਹਤ ਵਿਭਾਗ ਦੀ ਟੀਮ ਵਲੋਂ ਨਗਰ ਨਿਗਮ ਦੇ ਸਹਿਯੋਗ ਨਾਲ ਸ਼ਹਿਰ ਦੇ ਹਾਟਸਪਾਟ ਏਰੀਆ ਦਾ ਕੀਤਾ ਦੌਰਾ

## ਡੈਂਗੂ ਦਾ ਲਾਰਵਾ ਪਾਏ ਜਾਣ ਤੇ 8 ਘਰਾਂ ਦੇ ਚਲਾਨ ਕੱਟੇ ਗਏ




ਫਗਵਾੜਾ (ਜੀਵਨ ਸੰਘਾ) ਸਿਹਤ ਵਿਭਾਗ ਪੰਜਾਬ ਦੇ ਹੁਕਮਾਂ ਤਹਿਤ ਸਿਵਲ ਸਰਜਨ ਕਪੂਰਥਲਾ ਡਾ: ਸੁਰਿੰਦਰ ਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਕਪੂਰਥਲਾ ਡਾ ਨੰਦਿਕਾ ਖੁੱਲਰ ਅਗਵਾਈ ਹੇਠ ਨਗਰ ਨਿਗਮ ਫਗਵਾੜਾ ਦੇ ਸਹਿਯੋਗ ਨਾਲ Anti-Dengue Campaign ਹਰ ਸ਼ੁੱਕਰਵਾਰ–ਡੇਂਗੂ ਤੇ ਵਾਰ ਵਾਲੇ ਦਿਨ ਡੇਂਗੂ ਦੀ ਰੋਕਥਾਮ ਲਈ ਸਾਲ 2023–2024 ਦੌਰਾਨ ਬਣੇ ਡੇਂਗੂ ਅਤੇ
ਚਿਕਨਗੁਨੀਆ ਦੇ Hot-Spot ਤੇ ਪਹਿਲ ਦੇ ਅਧਾਰ ਤੇ ਗਤੀਵਿਧੀਆਂ ਕਰਨ ਸੰਬਧੀ ਸਿਵਲ ਹਸਪਤਾਲ ਫਗਵਾੜਾ ਦੇ ਸੀਨੀਅਰ ਮੈਡੀਕਲ ਅਫਸਰ ਡਾ ਲਹਿੰਬਰ ਰਾਮ ਸੁੱਚਜੀ ਦੇਖਰੇਖ ਅਤੇ ਨੋਡਲ ਅਫ਼ਸਰ ਡਾ ਦਰਸ਼ਨ ਬੱਧਨ ਦੀ ਸੁਚੱਜੀ ਦੇਖਰੇਖ ਹੇਠ ਹਰ ਸ਼ੁਕਰਵਾਰ ਡੈਂਗੂ ਤੇ ਵਾਰ ਤਹਿਤ ਐਂਟੀ ਲਾਰਵਾ ਅਰਬਨ ਸਕੀਮ ਫਗਵਾੜਾ ਦੀ ਟੀਮ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ , ਬਲਿਹਾਰ ਚੰਦ , ਗੁਰਮੇਜ਼ ਸਿੰਘ ਵਲੋਂ ਮੁੱਹਲਾ ਸ਼ਾਮ ਨਗਰ, ਪੀਪਾਰੰਗੀ , ਅਤੇ ਸ਼ਿਵਪੁਰੀ ਫਗਵਾੜਾ ਵਿਖੇ ਲੋਕਾਂ ਨੂੰ ਡੈਂਗੂ ਤੋਂ ਬਚਾਅ ਲਈ ਜਾਗਰੂਕਤਾ ਅਭਿਆਨ ਚਲਾਇਆ ਗਿਆ ਅਤੇ ਲੋਕਾਂ ਨੂੰ ਡੈਂਗੂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਗਿਆ ਇਸ ਮੌਕੇ ਜਾਣਕਾਰੀ ਦਿੰਦਿਆਂ ਨੋਡਲ ਅਫ਼ਸਰ ਡਾ ਦਰਸ਼ਨ ਬੱਧਨ ਨੇ ਕਿਹਾ ਕਿ ਡੈਂਗੂ ਪ੍ਰਤੀ ਜਾਣਕਾਰੀ ਦੀ ਘਾਟ ਹੋਣ ਕਾਰਣ ਹਰ ਸਾਲ ਹਜਾਰਾਂ ਲੋਕ ਡੇਂਗੂ
ਬੁਖਾਰ ਦੀ ਲਪੇਟ ਵਿੱਚ ਆ ਜਾਂਦੇ ਹਨ ਇਸ ਕਰਕੇ ਇਸ ਦਾ ਸਮੇਂ ਸਿਰ ਇਲਾਜ ਕਰਨਾ ਬਹੁਤ ਜਰੂਰੀ ਹੁੰਦਾ ਹੈ
ਉਹਨਾਂ ਕਿਹਾ ਕਿ ਵਾਇਰਲ ਬੁਖਾਰ ਹੈ ਇਹ ਏਡੀਜ ਏਜਿਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਮੱਛਰ ਦਿਨ ਦੇ
ਸਮੇਂ ਹੀ ਕੱਟਦਾ ਹੈ ਉਹਨਾਂ ਕਿਹਾ ਕਿ ਤੇਜ ਬੁਖਾਰ, ਚਮੜੀ ਤੇ ਲਾਲ ਧੱਬੇ, ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ,
ਅੱਖਾਂ ਹਿੱਸੇ ਵਿੱਚ ਦਰਦ ਆਦਿ ਇਸਦੇ ਮੁੱਖ ਲੱਛਣ ਹੁੰਦੇ ਹਨ ਅਜਿਹੇ ਲੱਛਣ ਦਿਸਣ ਤੇ ਸਾਨੂੰ ਤੁਰੰਤ ਨੇੜੇ ਦੀ
ਸਿਹਤ ਸੰਸਥਾ ਨਾਲ ਸੰਪਰਕ ਕਰਨਾ ਚਾਹੀਦਾ ਹੈ ਇਸ ਉਨ੍ਹਾਂ ਕਿਹਾ ਕਿ ਡੇਂਗੂ ਪਾਜੇਟਿਵ ਮਰੀਜ ਨੂੰ ਡਾਕਟਰ ਦੀ ਸਲਾਹ ਤੋਂ ਬਿਨਾ ਕੋਈ ਦਵਾਈ ਨਾ ਦਿੱਤੀ ਜਾਵੇ, ਤੇਜ ਬੁਖਾਰ ਹੋਣ ਦੀ ਸੂਰਤ ਵਿੱਚ ਸਿਰਫ ਪੈਰਾਸਿਟਾਮੋਲ ਦੀ ਗੋਲੀ ਹੀ ਦਿੱਤੀ ਜਾਵੇ, ਸੈਲਾਂ ਦੀ ਗਿਣਤੀ 20 ਹਜਾਰ ਡੇਗੂ ਪੀੜਤ ਤੋਂ ਘਟਣ ਜਾਂ ਕੋਈ ਬਲੀਡਿੰਗ ਹੋਣ ਦੀ ਸੂਰਤ ਵਿੱਚ ਤੁਰੰਤ ਮਰੀਜ ਨੂੰ ਦਾਖਲ ਕਰਵਾਇਆ ਜਾਵੇ, ਉਨ੍ਹਾਂ ਕਿਹਾ ਕਿ ਹੈ ਇਹ ਮੱਛਰਾਂ ਦੀ ਪੈਦਾਇਸ ਨੂੰ ਰੋਕਣਾ ਡੇਂਗੂ ਤੋਂ ਬਚਣ ਦਾ ਸਭ ਤੋਂ ਅਸਰਦਾਰ ਤਰੀਕਾ ਹੁੰਦਾ ਹੈ ਉਹਨਾਂ ਕਿਹਾ ਏਡੀਜ ਮੱਛਰ ਖੜੇ ਸਾਫ ਪਾਣੀ ਵਿੱਚ, ਫਰਿਜ ਪਿਛਲੀ ਟਰੇ ਦੇ ਪਿਛਲੇ, ਟਾਇਰਾਂ, ਬੋਤਲਾ, ਕੂਲਰਾਂ ਗੁਲਦਸਤਿਆ ਆਦਿ ਵਿੱਚ ਫੈਲਦੇ ਹਨ,ਇਸ ਲਈ ਇਨ੍ਹਾਂ ਨੂੰ ਘੱਟੋ ਘੱਟ ਹਫਤੇ ਵਿੱਚ ਇੱਕ ਵਾਰ ਖਾਲੀ
ਕਰਕੇ ਸੁਕਾਉਣਾ ਚਾਹੀਦਾ ਹੈ ਉਹਨਾਂ ਕਿਹਾ ਕਿ ਡੇਂਗੂ ਦੀ ਰੋਕਥਾਮ ਲਈ ਮੱਛਰਾਂ ਦੇ ਕੱਟਣ ਤੋਂ ਬਚਣ ਲਈ ਮੱਛਰਦਾਨੀਆਂ ਜਾ ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ, ਹਰ ਸ਼ੁੱਕਰਵਾਰ ਨੂੰ ਡਰਾਈ ਡੇਅ ਦੇ ਤੌਰ ਤੇ ਮਨਾਇਆ ਜਾਣਾ ਚਾਹੀਦਾ ਹੈ ਉਹਨਾ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਾਗਰੂਕ ਹੋ ਕੇ ਹੀ ਇਸ ਨਾਮੁਰਾਦ ਬੀਮਾਰੀ ਨਾਲ ਹੋਣ ਵਾਲੇ ਜਾਨੀ ਅਤੇ ਮਾਲੀ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ ਇਸ ਮੌਕੇ ਨਗਰ ਨਿਗਮ ਫਗਵਾੜਾ ਦੇ ਸੈਨਟਰੀ ਇੰਸਪੈਕਟਰ ਹਿਤੇਸ਼ ਕੁਮਾਰ ਅਤੇ ਨਾਮਦੇਵ ਵਲੋਂ 8 ਘਰਾਂ ਚ ਡੈਂਗੂ ਦਾ ਲਾਰਵਾ ਪਾਏ ਜਾਣ ਤੇ ਚਲਾਨ ਕੱਟੇ ਗਏ ਕਰਮਚਾਰੀਆਂ ਇਸ ਮੋਕੇ ਹੈਲਥ ਵਰਕਰ ਲਖਵਿੰਦਰ ਸਿੰਘ , ਗੁਰਿੰਦਰ ਸਿੰਘ ,ਐਮ ਪੀ ਐਚ ਡਬਲਯੂ ਗੁਰਿੰਦਰ ਸਿੰਘ, ਬ੍ਰਿਡਿੰਗ ਚੈਕਰ ਸੁਨੀਲ , ਰਮਨਦੀਪ ਸਿੰਘ , ਰਜਿੰਦਰ ਕੁਮਾਰ , ਮਨੀਸ਼ , ਅਜੀਤ ਰਾਮ , ਡਿੰਪਲ ਕੁਮਾਰ , ਮਨੀ ਕੁਮਾਰ ਆਦਿ ਮੌਜੂਦ ਸਨ ਅਤੇ ਬ੍ਰੀਡਿੰਗ ਚੈਕਰ ਹਾਜਰ ਸਨ

# ਫਤਿਹਗੜ੍ਹ ਸਾਹਿਬ ਵਿੱਚ ਪੇਡਾ ਵੱਲੋਂ ਊਰਜਾ ਕੁਸ਼ਲਤਾ ਅਤੇ ਸੰਭਾਲ ਪ੍ਰੋਗਰਾਮ ਦਾ ਆਯੋਜਨ

## ਸਰਵਹਿਤਕਾਰੀ ਵਿਦਿਆ ਮੰਦਰ ਵਿੱਚ ਕਰਵਾਏ ਗਏ ਕੁਇਜ਼ ਮੁਕਾਬਲੇ ਵਿੱਚ ਦਮਨ ਰਿਹਾ ਜੇਤੂ

ਫਤਿਹਗੜ੍ਹ ਸਾਹਿਬ, ਪੰਜਾਬ ਸਰਕਾਰ ਦੀ ਇਕਾਈ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ (ਪੇਡਾ) ਵੱਲੋਂ ਜ਼ਮੀਨੀ ਪੱਧਰ 'ਤੇ ਨੌਜਵਾਨਾਂ ਵਿੱਚ ਊਰਜਾ ਕੁਸ਼ਲਤਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਉਪਰਾਲੇ ਤਹਿਤ ਸਥਾਨਕ ਰਾਣਾ ਮੁਨਸ਼ੀ ਰਾਮ ਸਰਵਹਿਤਕਾਰੀ ਵਿਦਿਆ ਮੰਦਰ ਵਿਖੇ ਜਾਗਰੂਕਤਾ ਸੈਸ਼ਨ ਅਤੇ ਕੁਇਜ਼ ਮੁਕਾਬਲਾ ਕਰਵਾਇਆ । ਆਪਣੇ ਰਾਜ ਵਿਆਪੀ ਪ੍ਰੋਗਰਾਮਾਂ ਦੀ ਇਸ ਲੜੀ ਵਿੱਚ, ਪੇਡਾ ਵੱਖ-ਵੱਖ ਜ਼ਿਲ੍ਹਿਆਂ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਲਈ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕਰ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਦਫ਼ਤਰ ਫ਼ਤਹਿਗੜ੍ਹ ਸਾਹਿਬ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਜੌਲੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਦਕਿ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਡਾਇਰੈਕਟਰ ਸਤਨਾਮ ਸਿੰਘ, ਸਕੂਲ ਦੇ ਪ੍ਰਿੰਸੀਪਲ ਮਹੇਸ਼ ਚੰਦ ਸ਼ਰਮਾ ਅਤੇ ਸਰਵਹਿੱਤਕਾਰੀ ਸਕੂਲਜ਼ ਮੈਨੇਜਮੈਂਟ ਦੇ ਸੇਵਾਮੁਕਤ ਮੈਂਬਰ ਬਲਵਿੰਦਰ ਮੌਦਗਿਲ ਨੇ ਗੈਸਟ ਆਫ ਹੋਨਰ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਪੰਜਾਹ ਦੇ ਕਰੀਬ ਵਿਦਿਆਰਥੀਆਂ ਦੇ ਨਾਲ-ਨਾਲ ਸਕੂਲ ਮੈਨੇਜਮੈਂਟ ਦੀ ਵੀ ਭਰਵੀਂ ਸ਼ਮੂਲੀਅਤ ਦੇਖਣ ਨੂੰ ਮਿਲੀ। ਇਸ ਮੌਕੇ ਤੇ ਪੇਡਾ ਦੀ ਟੀਮ ਤੋਂ ਮਾਹਿਰ ਪ੍ਰੀਤੀ ਗੁਪਤਾ ਨੇ ਵਿਦਿਆਰਥੀਆਂ ਨੂੰ ਆਪਣੀ ਰੋਜ਼ਾਨਾ ਦੀ ਰੁਟੀਨ ਵਿੱਚ ਬਿਜਲੀ ਬਚਾਉਣ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣੂ ਕਰਵਾਇਆ। ਵਿਦਿਆਰਥੀਆਂ ਨੇ ਊਰਜਾ ਸੰਭਾਲ ਬਾਰੇ



ਆਪਣੇ ਸ਼ੰਕਿਆਂ ਨੂੰ ਵੀ ਦੂਰ ਕੀਤਾ। ਇਸ ਤੋਂ ਬਾਅਦ ਊਰਜਾ ਬਚਾਓ ਵਿਸ਼ੇ 'ਤੇ ਕੁਇਜ਼ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਦਮਨ ਨੇ ਪਹਿਲਾ ਜਦਕਿ ਵਰਿੰਦਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਗੁਰਵਿੰਦਰ ਨੇ ਤੀਜਾ ਸਥਾਨ ਹਾਸਲ ਕੀਤਾ। ਜੇਤੂਆਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਜਦਕਿ ਬਾਕੀ ਭਾਗ ਲੈਣ ਵਾਲਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਬੁਲਾਏ ਗਏ ਮਹਿਮਾਨਾਂ ਨੇ ਪੇਡਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਸਾਰਿਆਂ ਨੇ ਉਮੀਦ ਪ੍ਰਗਟਾਈ ਕਿ ਇਸ ਸੈਸ਼ਨ ਤੋਂ ਲਾਭ ਪ੍ਰਾਪਤ ਬੱਚੇ ਯਕੀਨੀ ਤੌਰ ਤੇ ਆਪਣੇ ਘਰਾਂ, ਆਂਢ-ਗੁਆਂਢ, ਕਲੋਨੀਆਂ ਅਤੇ ਸਮੁੱਚੇ ਸਮਾਜ ਵਿੱਚ ਊਰਜਾ ਕੁਸ਼ਲਤਾ ਅਤੇ ਸੰਭਾਲ ਨੂੰ ਫੈਲਾਉਣਗੇ।

# 99“ ਕਾਨਪੁਰ ਚ ਚੀਤੇ ਦੀ ਹਰਕਤ, ਪਿੰਜਰੇ ਲਗਾਏ ਜਾਣ ਕਾਰਨ ਦਹਿਸ਼ਤ




ਕਾਨਪੁਰ (ਸੁਨੀਲ ਵਾਜਪਾਈ) ਇੱਥੇ ਆਈਆਈਟੀ ਪ੍ਰਸ਼ਾਸਨ ਅਤੇ ਵਿਦਿਆਰਥੀ ਭਾਰੀ ਦਹਿਸ਼ਤ ਵਿੱਚ ਹਨ। ਕਾਰਨ ਪਿਛਲੇ 24 ਘੰਟਿਆਂ ਤੋਂ ਲਗਾਤਾਰ ਚੀਤੇ ਦਾ ਘੁੰਮਣਾ ਹੈ।

ਇਸ ਨੂੰ ਫੜਨ ਲਈ ਜੰਗਲਾਤ ਵਿਭਾਗ ਨੇ ਦੋ ਪਿੰਜਰੇ ਵੀ ਲਗਾਏ ਹਨ ਪਰ ਅਜੇ ਤੱਕ ਕੋਈ ਸਫਲਤਾ ਨਹੀਂ ਮਿਲੀ। ਜੰਗਲਾਤ ਵਿਭਾਗ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਜਲਦੀ ਹੀ ਚੀਤੇ ਨੂੰ ਫੜ ਲਿਆ ਜਾਵੇਗਾ।

ਚੀਤੇ ਨੂੰ ਫੜਨ ਲਈ ਚੱਲ ਰਹੇ ਯਤਨਾਂ ਦੌਰਾਨ ਇੱਥੋਂ ਦੇ ਆਈਆਈਟੀ ਜੰਗਲ ਵਿੱਚ ਚੀਤੇ ਦੇ ਪੈਰਾਂ ਦੇ ਨਿਸ਼ਾਨ ਅਤੇ ਮਲ ਮਿਲ ਗਿਆ ਹੈ।

ਇਸ ਦੌਰਾਨ, ਗੰਭੀਰਤਾ ਨੂੰ ਦੇਖਦੇ ਹੋਏ ਮੁੱਖ ਵਣ ਕੰਜ਼ਰਵੇਟਰ ਸੰਜੇ ਸ਼੍ਰੀਵਾਸਤਵ ਨੇ ਜੰਗਲਾਤ ਵਿਭਾਗ ਦੇ ਸਾਰੇ ਅਧਿਕਾਰੀਆਂ ਨੂੰ ਅਲਰਟ ਮੋਡ ਤੇ ਰਹਿਣ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਫਿਲਹਾਲ ਸਾਡੀ ਟੀਮ ਨੇ ਜੰਗਲ ਵੱਲ ਦੋ ਪਿੰਜਰੇ ਲਗਾਏ ਹਨ। ਇਸ ਤੋਂ ਇਲਾਵਾ ਮੁੱਖ ਵਣ ਕੰਜ਼ਰਵੇਟਰ ਕੇ.ਕੇ.ਸਿੰਘ, ਇੰਚਾਰਜ ਵਣ ਅਧਿਕਾਰੀ ਦਿਵਿਆ ਨੇ ਵੀ ਆਈਆਈਟੀ ਕੈਂਪਸ ਦਾ ਨਿਰੀਖਣ ਕੀਤਾ। ਜਾਂਚ ਦੌਰਾਨ ਚੀਤੇ ਦੇ ਪੰਜੇ ਦੇ ਨਿਸ਼ਾਨ ਪਾਏ ਗਏ।

ਜੰਗਲਾਂ ਵਿੱਚ ਚੀਤੇ ਦੀ ਲਗਾਤਾਰ ਹਰਕਤ ਨੂੰ ਦੇਖਦਿਆਂ ਜੰਗਲਾਤ ਵਿਭਾਗ ਦੀ ਟੀਮ ਨੇ ਕੈਮਰੇ ਟ੍ਰੈਪ ਲਗਾਏ ਹਨ।

ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਵੀਰਵਾਰ ਰਾਤ ਨੂੰ ਜੰਗਲ ਚ ਲੱਗੇ ਕੈਮਰੇ ਚ ਇਕ ਚੀਤੇ ਨੂੰ ਹਿਰਨ ਦਾ ਸ਼ਿਕਾਰ ਕਰਦੇ ਦੇਖਿਆ ਗਿਆ। ਉਦੋਂ ਤੋਂ ਆਈਆਈਟੀ ਪ੍ਰਸ਼ਾਸਨ ਅਤੇ ਜੰਗਲਾਤ ਵਿਭਾਗ ਦੀ ਟੀਮ ਹੋਰ ਚੌਕਸ ਹੋ ਗਈ ਹੈ ਅਤੇ ਚੀਤੇ ਨੂੰ ਫੜਨ ਲਈ ਲਗਾਤਾਰ ਜੰਗਲਾਂ ਵਿੱਚ ਘੁੰਮ ਰਹੀ ਹੈ ਪਰ ਖ਼ਬਰ ਲਿਖੇ ਜਾਣ ਤੱਕ ਕੋਈ ਸਫ਼ਲਤਾ ਨਹੀਂ ਮਿਲੀ ਹੈ।

# ਪੌਦੇ ਲਗਾਉਣ ਵਿੱਚ ਪੰਜਾਬ ਪੁਲਿਸ ਵੀ ਦੇ ਰਹੀ ਹੈ ਆਪਣਾ ਯੋਗਦਾਨ

## ਏਸੀਪੀ ਹੈਡਕੁਆਰਟਰ ਦੀ ਰਹਿਨੁਮਾਈ ਹੇਠ ਲਗਾਏ ਗਏ ਪੌਦੇ




ਅੰਮ੍ਰਿਤਸਰ,(ਲੋਕ ਬਾਣੀ) ਜਮੀਨੀ ਪੱਧਰ ਤੋਂ ਪਾਣੀ ਦੇ ਡਿੱਗਦੇ ਮਿਆਰ ਅਤੇ ਧੜਾ ਧੜ ਰੁੱਖਾਂ ਦੀ ਹੋ ਰਹੀ ਕਟਾਈ ਦੇ ਚੱਲਦਿਆਂ ਪੰਜ ਦਰਿਆਵਾਂ ਵਾਲੇ ਪੰਜਾਬ ਦੇ ਵਿੱਚ ਪਾਣੀ ਦੀਆਂ ਮੁਸ਼ਕਿਲਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਜਿਸ ਨੂੰ ਦੇਖਦਿਆਂ ਸਮਾਜਿਕ ਸੰਸਥਾਵਾਂ ਦੇ ਨਾਲ ਨਾਲ ਸਰਕਾਰੀ ਅਦਾਰਿਆਂ ਦੇ ਅਧਿਕਾਰੀ ਅਤੇ ਕਰਮਚਾਰੀ ਵੀ ਕਾਫੀ ਜਿਆਦਾ ਜਾਗਰੂਕ ਹੋ ਰਹੇ ਹਨ।

ਜਿਸ ਦੇ ਚੱਲਦਿਆਂ ਏ.ਸੀ.ਪੀ ਹੈਡ ਕੁਆਰਟਰ ਕਮਲਜੀਤ ਸਿੰਘ ਦੀ ਰਹਿਨੁਮਾਈ ਹੇਠ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਪੁਲਿਸ ਲਾਈਨ ਅੰਮ੍ਰਿਤਸਰ ਵਿਖੇ ਪੌਦੇ ਲਗਾਏ ਗਏ। ਐਮ.ਐਸ.ਕੇ ਬਰਾਂਚ ਦੇ ਇੰਚਾਰਜ ਏ.ਐਸ. ਆਈ ਸਵਿੰਦਰ ਸਿੰਘ ਨੇ ਜਾਣਕਾਰੀ ਦੌਰਾਨ ਦੱਸਿਆ ਕਿ ਉੱਚ ਅਧਿਕਾਰੀਆਂ ਦੇ ਦੇਸ਼ਾਂ ਨਿਰਦੇਸ਼ਾਂ ਦੇ ਅਨੁਸਾਰ ਪੁਲਿਸ ਅਧਿਕਾਰੀਆਂ ਦੇ ਕਰਮਚਾਰੀਆਂ ਵੱਲੋਂ ਸਰਕਾਰੀ ਗੈਰ ਸਰਕਾਰੀ ਜਗ੍ਹਾ ਦੇ ਉੱਪਰ ਪੌਦੇ ਲਗਾ ਕੇ ਆਪਣਾ ਯੋਗਦਾਨ ਅਦਾ ਕੀਤਾ ਜਾ ਰਿਹਾ ਹੈ। ਉਨਾਂ ਨੇ ਕਿਹਾ ਕਿ ਆਉਣ ਵਾਲੀਆਂ ਪੀੜੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਹਰ ਇੱਕ ਇੰਸਾਨ ਨੂੰ ਦੋ ਦੋ ਪੌਦੇ ਲਗਾ ਕੇ ਉਸਦੀ ਸੰਭਾਲ ਦੀ ਜਿੰਮੇਦਾਰੀ ਲੈਣੀ ਚਾਹੀਦੀ ਹੈ। ਇਸ ਨਾਲ ਕੁਦਰਤ ਨਾਲ ਹੋ ਰਹੇ ਖਿਲਵਾੜ ਨੂੰ ਰੋਕਿਆ ਜਾਵੇਗਾ ਉਥੇ ਪਾਣੀ ਅਤੇ ਜਮੀਨ ਦੀ ਸੁਰੱਖਿਆ ਵੀ ਕੀਤੀ ਜਾਵੇਗੀ। ਇਸ ਮੌਕੇ ਤੇ ਸੀਡੀਆਈ ਤੋਂ ਏ.ਐਸ.ਆਈ ਗੁਰਵਿੰਦਰ ਸਿੰਘ,ਏ.ਐਸ.ਆਈ ਪਲਵਿੰਦਰ ਸਿੰਘ ਉਸਤਾਦ, ਹੈਡ ਕਾਂਸਟੇਬਲ ਗੁਰਵਿੰਦਰ ਸਿੰਘ,ਸੁਖਬੀਰ ਸਿੰਘ,ਲਵਪ੍ਰੀਤ ਸਿੰਘ,ਬੱਬੂ ਗੁਲਸ਼ਨ ਸਮੇਤ ਨਵੇਂ ਭਰਤੀ ਕਰਮਚਾਰੀਆਂ ਵੱਲੋਂ ਆਪਣਾ ਆਪਣਾ ਯੋਗਦਾਨ ਅਦਾ ਕੀਤਾ ਗਿਆ।

# ਇਸੂਜ਼ੂ ਆਈ-ਕੇਅਰ ਮਾਨਸੂਨ ਸਰਵਿਸ ਕੈਂਪ 22 ਜੁਲਾਈ ਤੋਂ




ਚੰਡੀਗੜ੍ਹ, (ਲੋਕ ਬਾਣੀ) ਇਸੂਜ਼ੂ ਮੋਟਰਜ਼ ਇੰਡੀਆ ਵੱਲੋਂ 22 ਜੁਲਾਈ ਤੋਂ ਦੇਸ਼ ਭਰ ਵਿੱਚ ਇਸੂਜ਼ੂ ਆਈ ਕੇਅਰ ਮਾਨਸੂਨ ਸਰਵਿਸ ਕੈਂਪ ਦਾ ਆਯੋਜਨ ਕੀਤਾ ਜਾਵੇਗਾ ਜੋ ਕਿ 28 ਜੁਲਾਈ ਨੂੰ ਸਮਾਪਤ ਹੋਵੇਗਾ। ਇਹ ਕੈਂਪ ਇਸੂਜ਼ੂ ਡੀ ਮੈਕਸ ਪਿਕਅੱਪ ਅਤੇ ਐਸਯੂਵੀ ਰੇਂਜ ਲਈ ਵੈਧ ਹੈ। ਇਸ ਸੇਵਾ ਕੈਂਪ ਦਾ ਉਦੇਸ਼ ਗਾਹਕਾਂ ਨੂੰ ਦੇਸ਼ ਭਰ ਵਿੱਚ ਇਸ ਸੀਜ਼ਨ ਵਿੱਚ ਸਭ ਤੋਂ ਵਧੀਆ ਲਾਭ ਅਤੇ ਪਰੇਸ਼ਾਨੀ ਮੁਕਤ ਡ੍ਰਾਈਵਿੰਗ ਅਨੁਭਵ ਪ੍ਰਦਾਨ ਕਰਨ ਲਈ ਰੋਕਥਾਮ ਸੰਭਾਲ ਜਾਂਚ ਪ੍ਰਦਾਨ ਕਰਨਾ ਹੈ। ਇਸ ਮਿਆਦ ਦੇ ਦੌਰਾਨ, ਗਾਹਕ ਆਪਣੇ ਵਾਹਨਾਂ ਲਈ ਵਿਸ਼ੇਸ਼ ਪੇਸ਼ਕਸ਼ਾਂ ਦਾ ਵੀ ਲਾਭ ਲੈ ਸਕਦੇ ਹਨ, ਜਿਸ ਵਿੱਚ ਮੁਫਤ 37 ਪੁਆਇੰਟ ਮੁਫਤ ਵਿਆਪਕ ਜਾਂਚ, ਬਾਡੀ ਟਾਪ ਵਾਸ਼, ਰੀਜਨ, ਲੇਬਰ ਸਮੇਤ ਪਾਰਟਸ ਅਤੇ ਇੰਜਨ ਆਇਲ ਅਤੇ ਫਿਲੂਡ ਤੇ ਬੇਹਤਰੀਨ ਡਿਸਕਾਓਂਟ ਆਦਿ ਸ਼ਾਮਲ ਹਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਡਿਪਟੀ ਕਮਿਸ਼ਨਰ ਨੇ ਸਰਕਾਰ ਆਪਕੇ ਦੁਆਰ ਤਹਿਤ ਕੈਂਪ ਲਗਾ ਕੇ ਸੁਣੀਆਂ ਸਮੱਸਿਆਵਾਂ


## ਪਿੰਡ ਮੱਲੂਪੋਤਾ ਵਿਖੇ ਲਗਾਇਆ ਗਿਆ ਵਿਸ਼ੇਸ਼ ਕੈਂਪ

ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ ਮਨਪ੍ਰੀਤ ਵਾਸੂ)ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਆਦੇਸ਼ਾਂ ਅਨੁਸਾਰ ਸਰਕਾਰ ਆਪ ਕੇ ਦੁਆਰ ਮੁਹਿੰਮ ਤਹਿਤ ਗੁਰਦੁਆਰਾ ਸਿੰਘ ਸਭਾ ਹਾਲ ਨੇੜੇ ਸੁਸਾਇਟੀ ਬੈਂਕ ਮੱਲੂ ਪੋਤਾ ਵਿਖੇ ਕੈਂਪ ਲਗਾਇਆ ਜਾਵੇਗਾ। ਕੈਂਪ ਦੌਰਾਨ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ।ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਕੈਂਪ ਵਿੱਚ ਆਮ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸੁਣ ਕੇ ਮੌਕੇ ‘ਤੇ ਨਿਪਟਾਰਾ ਕਰਨ ਦੇ ਸਬੰਧਤ ਵਿਭਾਗਾਂ ਨੂੰ ਆਦੇਸ਼ ਦਿੱਤੇ ਗਏ। ਇਸ ਕੈਂਪ ਵਿੱਚ ਸੇਵਾ ਕੇਂਦਰ, ਰੈਵੀਨਿਊ ਵਿਭਾਗ, ਸਿਹਤ ਵਿਭਾਗ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਵਿਭਾਗ, ਪਾਵਰ ਕਾਮ, ਕਿਰਤ ਵਿਭਾਗ, ਜ਼ਿਲ੍ਹਾ ਭਲਾਈ ਵਿਭਾਗ, ਸਮਾਜਿਕ ਸੁਰੱਖਿਆ ਵਿਭਾਗ, ਆਦਿ ਦੇ ਅਧਿਕਾਰੀਆਂ ਵੱਲੋਂ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੈਂਪ ਵਿੱਚ ਆਮ ਸ਼ਿਕਾਇਤਾਂ ਦੌਰਾਨ ਮਾਣਯੋਗ ਹਾਈਕੋਰਟ ਵੱਲੋਂ ਗੰਦੇ ਪਾਣੀ ਦੀ ਨਿਕਾਸੀ ਸਬੰਧੀ




ਛੱਪੜ ਬਣਾਉਣ ਦੀ ਸ਼ਿਕਾਇਤ ‘ਤੇ ਵੀ ਪਿੰਡ ਦੇ ਮੁੱਖ ਅਹੁੱਦੇਦਾਰਾਂ ਨਾਲ ਗੱਲਬਾਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੱਜ ਵੱਖ-ਵੱਖ ਵਿਭਾਗਾਂ ਵੱਲੋਂ ਇਸ ਸਮੱਸਿਆ ਦੇ ਹੱਲ ਲਈ ਵਿਚਾਰ ਵਟਾਂਦਰਾ ਕਰਕੇ ਮੌਕੇ ਤੇ ਜਾਇਜ਼ਾ ਲਿਆ ਗਿਆ ਹੈ। ਅਧਿਕਾਰੀਆਂ ਵੱਲੋਂ ਯੋਜਨਾਬੱਧ ਤਰੀਕੇ ਨਾਲ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜ ਨੂੰ ਤਿਆਰ ਕਰਨ ਸਬੰਧੀ ਰੂਪ ਰੇਖਾ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਮਾਣਯੋਗ ਹਾਈਕੋਰਟ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦੇ ਦਿੱਤੇ ਗਏ ਹਨ। ਇਸ ਮੌਕੇ ‘ਤੇ ਉਨ੍ਹਾਂ ਨਾਲ ਉਪ ਮੰਡਲ ਮੈਜਿਸਟਰੇਟ ਬੰਗਾ ਵਿਕਰਮਜੀਤ ਸਿੰਘ ਪਾਂਥੇ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨਿਧੀ ਸਿਨਹਾ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਰਾਜਕਿਰਨ ਕੌਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸ਼੍ਰੀ ਐਲ ਬੀ ਐੱਸ ਆਰੀਆ ਮਹਿਲਾ ਕਾਲਜ ਦੇ ਬੀ ਵਾਕ ਫੈਸ਼ਨ ਡਿਜ਼ਾਇਨਿੰਗ ਦੇ ਪਹਿਲੇ ਸਮੈਸਟਰ ਦਾ ਨਤੀਜਾ ਰਿਹਾ ਸ਼ਾਨਦਾਰ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਸ੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜ ਦੇ ਪ੍ਰਿੰਸੀਪਲ ਡਾਕਟਰ ਨੀਲਮ ਸ਼ਰਮਾ ਨੇ ਦੱਸਿਆ ਕਿ ਬੀ. ਵਾਕ ਫੈਸ਼ਨ ਡਿਜਾਈਨਿੰਗ ਦੇ ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਫੈਸ਼ਨ ਡਿਜ਼ਾਇਨਿੰਗ ਵਿਭਾਗ ਦੀ ਮੁਖੀ ਮੈਡਮ ਹਰਜਿੰਦਰ ਕੌਰ ਨੇ ਦੱਸਿਆ ਕਿ ਤਨੀਸ਼ਾ ਅਤੇ ਹਰਮਨਦੀਪ ਐਸ ਜੀ ਪੀ ਏ 9.30 ਪ੍ਰਾਪਤ ਕਰਕੇ ਪਹਿਲੇ ਸਥਾਨ ਤੇ ਰਹੇ। ਅਨਮੋਲ ਐਸ ਜੀ ਪੀ ਏ 9.16 ਪ੍ਰਾਪਤ ਕਰਕੇ ਦੂਜੇ ਸਥਾਨ ਤੇ ਰਹੇ। ਪ੍ਰਿੰਸੀਪਲ ਮੈਡਮ ਨੇ ਵਿਭਾਗ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਉਜੱਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥਣਾਂ ਨੂੰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ।

# ਸ਼੍ਰੀ ਗੁਰੂ ਗੰਥ ਸਾਹਿਬ ਸਤਿਕਾਰ ਸਭਾ ਵੱਲੋਂ ਖ਼ੂਨਦਾਨ ਕੈਂਪ ਅੱਜ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਸ਼੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਰਜਿ ਬਰਨਾਲਾ ਵੱਲੋਂ ਖ਼ੂਨਦਾਨੀ ਨੌਜਵਾਨਾਂ ਦੇ ਸਹਿਯੋਗ ਨਾਲ ਅੱਜ 20 ਜੁਲਾਈ ਨੂੰ ਸਵੇਰੇ 8 ਤੋਂ 2 ਵਜੇ ਤੱਕ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਵਿਖੇ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਲਗਾਤਾਰ ਖ਼ੂਨਦਾਨ ਕੈਂਪ ਲਗਾਉਂਦੇ ਹੋਏ 5 ਸਾਲ 4 ਮਹੀਨੇ ਹੋ ਗਏ ਹਨ। ਇਹ ਜੁਲਾਈ ਮਹੀਨੇ ਦਾ ਦੂਸਰਾ ਖ਼ੂਨਦਾਨ ਕੈਂਪ ਹੈ। ਸਾਰੇ ਖ਼ੂਨਦਾਨੀ ਵੀਰਾਂ ਅਤੇ ਭੈਣਾਂ ਦੇ ਸਹਿਯੋਗ ਨਾਲ ਹਰ ਮਹੀਨੇ ਦੀ 5 ਤਾਰੀਖ ਨੂੰ ਵੀ ਪੱਕੇ ਤੌਰ ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ ਅਤੇ ਸਭ ਦੇ ਸਹਿਯੋਗ ਦੀ ਆਸ ਕਰਦੇ ਹਾਂ। ਨੌਜਵਾਨ ਵੀਰਾਂ ਨੂੰ ਅਪੀਲ ਹੈ ਕਿ ਥੈਲਾਸੀਮਕ ਰੋਗ ਦੇ ਪੀੜ੍ਹਤ ਬੱਚਿਆਂ ਲਈ, ਕੈਂਸਰ ਪੀੜ੍ਹਤ, ਐਕਸੀਡੈਂਟ ਕੇਸ, ਗਰਭਪਤੀ ਔਰਤਾਂ ਲਈ ਖ਼ੂਨ ਦਾਨ ਕੀਤਾ ਜਾਵੇ। ਇਹ ਜਾਣਕਾਰੀ ਜਗਵਿੰਦਰ ਸਿੰਘ ਭੰਡਾਰੀ ਨੇ ਦਿੱਤੀ ਹੈ।

# ਮਲਵਿੰਦਰ ਸਿੰਘ ਕੰਗ ਐਮਪੀ ਅੱਜ ਧੰਨਵਾਦ ਦੌਰੇ ਤੇ ਬਲਾਚੌਰ ਪਹੁੰਚਣਗੇ : ਸੰਤੋਸ਼ ਕਟਾਰੀਆ




ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਮਨਪ੍ਰੀਤ ਵਾਸੂ)ਅੱਜ ਸੈਣੀ ਪੈਲੇਸ ਭੱਦੀ ਰੋਡ ਬਲਾਚੌਰ ਵਿਖੇ ਠੀਕ ਸਵੇਰੇ ਦਸ ਵਜੇ ਸ਼ਨੀਵਾਰ ਨੂੰ ਸ ਮਲਵਿੰਦਰ ਸਿੰਘ ਕੰਗ ਮੈਂਬਰ ਪਾਰਲੀਮੈਂਟ ਤੇ ਚੀਫ ਸਪੋਕਸਪਰਸਨ ਪੰਜਾਬ ਵਿਸ਼ੇਸ਼ ਤੌਰ ਤੇ ਹਲਕਾ ਬਲਾਚੌਰ ਦੇ ਵੋਟਰਾਂ, ਸਪੋਰਟਰ, ਅਹੁਦੇਦਾਰਾਂ ਤੇ ਪਾਰਟੀ ਦੀ ਰੀੜ੍ਹ ਦੀ ਹੱਡੀ ਵਲੰਟੀਅਰਾਂ ਦਾ ਉਹਨਾਂ ਨੂੰ ਚੁਣਾਬ ਜਿਤਾਉਣ ਲਈ ਕੀਤੇ ਗਏ ਵਡਮੁੱਲੇ ਯੋਗਦਾਨ ਦਾ ਧੰਨਵਾਦ ਕਰਨ ਲਈ ਪਹੁੰਚ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਕਰਦਿਆਂ ਕਿਹਾ ਕਿ ਸਾਰੇ ਬਲਾਚੌਰ ਹਲਕੇ ਦੇ ਸੂਝਵਾਨ ਵੋਟਰਾਂ ਤੇ ਨਾਗਰਿਕਾਂ ਨੂੰ ਅਪੀਲ ਹੈ ਕਿ ਉਹ ਹੁੰਮਹੁਮਾ ਕੇ ਸੈਣੀ ਪੈਲੇਸ ਵਿਖੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰੋ ਤੇ ਮਲਵਿੰਦਰ ਸਿੰਘ ਕੰਗ ਮੈਬਰ ਪਾਰਲੀਮੈਂਟ ਦੇ ਵਿਚਾਰ ਸੁਣੋ। ਇਸ ਦੀ ਜਾਣਕਾਰੀ ਚੰਦਰ ਮੋਹਨ ਜੇਡੀ ਹਲਕਾ ਮੀਡੀਆ ਇੰਚਾਰਜ ਨੇ ਮੀਡੀਆ ਨੂੰ ਦਿੱਤੀ।

# ਆਮ ਆਦਮੀ ਪਾਰਟੀ ਦੀ ਸਰਕਾਰ ਨਸ਼ਿਆਂ ਅਤੇ ਲੁੱਟਾਂ ਖੋਹਾਂ ਨੂੰ ਰੋਕਣ ਵਿੱਚ ਹੋਈ ਫੇਲ੍ਹ : ਗੁਰਮੇਲ ਸਿੰਘ ਮੌੜ

## ਮੁੱਖ ਮੰਤਰੀ ਮਾਨ ਨੂੰ ਗੱਦੀਓਂ ਲਾਹੁਣ ਲਈ ਆਪਣੇ ਹੀ ਕਾਹਲੇ




ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਸੂਬੇ ਦੇ ਲੋਕਾਂ ਨਾਲ ਵੱਡੇ ਵੱਡੇ ਦਿਲਕਸ਼ ਵਾਅਦੇ ਕਰਕੇ ਸੱਤਾ ਵਿੱਚ ਆਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋ ਚੁੱਕੀ ਹੈ। ਕਿਉਂਕਿ ਹੁਣ ਸਰਕਾਰ ਵਿੱਚ ਅੰਦਰ ਖਾਤੇ ਚੱਲ ਰਿਹਾ ਕਾਟੋ ਕਲੇਸ ਖੁਦ ਭਗਵੰਤ ਮਾਨ ਨੂੰ ਗੱਦੀਓਂ ਲਾਹਣ ਲਈ ਉਤਾਵਲਾ ਹੋ ਚੁੱਕਾ ਹੈ।

ਇਹ ਵਿਚਾਰ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਮੌੜ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ । ਉਨ੍ਹਾਂ ਕਿਹਾ ਕਿ ਨਸ਼ੇ ਦੇ ਕੋਹੜ ਨੂੰ ਸੂਬੇ ਅੰਦਰੋਂ ਖ਼ਤਮ ਕਰਨ ਦੇ ਦਾਅਵੇ ਕਰਨ ਵਾਲੀ ਮਾਨ ਸਰਕਾਰ ਦੇ ਰਾਜ ਅੰਦਰ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਵਧ ਰਿਹਾ ਹੈ। ਅੱਜ ਵੀ ਨੌਜਵਾਨ ਪੀੜੀ ਚਿੱਟੇ ਵਰਗੇ ਨਸ਼ਿਆਂ ਦਾ ਦਿਨੋਂ ਦਿਨ ਸ਼ਿਕਾਰ ਹੋ ਰਹੀ ਹੈ । ਸਰਕਾਰੀ ਦਫਤਰਾਂ ਵਿੱਚ ਉਸੇ ਤਰ੍ਹਾਂ ਲੋਕਾਂ ਦੀ ਲੁੱਟ ਖਸੁੱਟ ਬਰਕਰਾਰ ਹੈ। ਉਹਨਾਂ ਕਿਹਾ ਹੈ ਕਿ ਅੱਜ ਸੂਬੇ ਦੇ ਹਾਲਾਤ ਬਦ ਤੋਂ ਬਦਤਰ ਬਣ ਚੁੱਕੇ ਹਨ। ਲੁੱਟਾਂ-ਖੋਹਾਂ ਅਤੇ ਕਤਲੇਆਮ ਦੀਆਂ ਵਾਰਦਾਤਾਂ ਨੂੰ ਕੰਟਰੋਲ ਕਰਨ ਵਿਚ ਸਰਕਾਰ ਆਪਣੇ ਹੱਥ ਖੜ੍ਹੇ ਕਰ ਚੁੱਕੀ ਹੈ। ਇਸ ਲਈ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੇ ਹੁਣ ਸਰਕਾਰ ਚਲਾਉਣਾ ਬਸ ਦੀ ਗੱਲ ਨਹੀਂ ਰਹੀ। ਉਨ੍ਹਾ ਕਿਹਾ ਕਿ ਦੂਸਰੀਆਂ ਪਾਰਟੀਆਂ ਤੇ ਉਂਗਲ ਚੁੱਕਣ ਵਾਲੇ ਮੁੱਖ ਮੰਤਰੀ ਹੁਣ ਖੁਦ ਆਪਣੇ ਅਤੇ ਆਪਣੇ ਪਰਿਵਾਰ ਨਾਲ ਦਰਜਨਾ ਦੇ ਕਰੀਬ ਸਿਕਓਰਟੀ ਰੱਖ ਕੇ ਸਰਕਾਰ ਤੇ ਲੱਖਾਂ ਰੁਪਏ ਦਾ ਬੋਝ ਪਾ ਰਹੇ ਹਨ।ਇੱਥੇ ਹੀ ਬੱਸ ਨਹੀਂ ਸਰਕਾਰ ਬਦਲਾਖੋਰੀ ਦੀ ਰਾਜਨੀਤੀ ਕਰਕੇ ਸੱਚ ਬੋਲਣ ਵਾਲੇ ਲੀਡਰਾਂ ਨੂੰ ਬੇਵਜਹਾ ਪਰੇਸ਼ਾਨ ਵੀ ਕੀਤਾ ਜਾ ਰਿਹਾ ਹੈ।

ਮੌੜ ਨੇ ਅੱਗੇ ਆਖਿਆ ਹੈ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਨੂੰ ਸਤਾ ਵਿੱਚ ਲਿਆ ਕੇ ਵੱਡੀ ਭੁੱਲ ਕਰ ਚੁੱਕੇ ਹਨ ਕਿਉਂਕਿ ਇਹ ਸਰਕਾਰ ਨੇ ਹੁਣ ਤੱਕ ਖਾਸ ਕਰਕੇ ਦਲਿਤ ਸਮਾਜ ਦੇ ਲੋਕਾਂ ਨੂੰ ਮੂਰਖ ਬਣਾਉਣ ਤੋਂ ਸਿਵਾਏ ਕੁਝ ਨਹੀਂ ਕੀਤਾ। ਜਿਸ ਕਰਕੇ ਸੂਬੇ ਦੇ ਲੋਕ ਮੁੜ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਯਾਦ ਕਰ ਰਹੇ ਹਨ।ਮੌੜ ਨੇ ਅੱਗੇ ਆਖਿਆ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨੂੰ ਘਰ ਘਰ ਜਾ ਕੇ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵੀ ਭਾਂਡਾ ਫੁੱਟ ਚੁੱਕਾ ਹੈ ਕਿਉਂਕਿ ਅੱਜ ਵੀ ਲੋਕ ਆਪਣੇ ਬੱਚਿਆਂ ਦੇ ਸਾਰਟੀਫੀਕੇਟ ਜਾਂ ਫਿਰ ਆਧਾਰ ਕਾਰਡਾਂ ਵਿੱਚ ਤਬਦੀਲੀ ਕਰਵਾਉਣ ਲਈ ਸੁਵਿਧਾ ਕੇਂਦਰਾਂ ਅੱਗੇ ਖੱਜਲ ਖੁਆਰ ਹੋ ਰਹੇ ਹਨ। ਉਹਨਾਂ ਦਾਅਵਾ ਕੀਤਾ ਕਿ ਤਿੰਨ ਸਾਲਾਂ ਦੇ ਰਹਿੰਦੇ ਕਾਰਜਕਾਲ ਤੋਂ ਪਹਿਲਾਂ ਹੀ ਸਰਕਾਰ ਦਾ ਬਿਸਤਰਾ ਗੋਲ ਹੋਣਾ ਤੈਅ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਜਸਮੇਲ ਸਿੰਘ ਬੜੀ,ਐਡਵੋਕੇਟ ਜਸਬੀਰ ਸਿੰਘ ਖੇੜੀ, ਬਹਾਦਰ ਸਿੰਘ ਢੰਡਾ, ਪਰਗਟ ਪ੍ਰੀਤ ਸ਼ੇਰਪੁਰ, ਇੰਦਰਜੀਤ ਸਿੰਘ ਬੜੀ, ਤੋਂ ਇਲਾਵਾ ਹੋਰ ਵੀ ਆਗੂ ਹਾਜ਼ਰ ਸਨ।

# ਬਰਕਤ ਕੁਟੀਆ ਕਾਲਾਬੂਲਾ ਵਿਖੇ ਗੁਰੂ ਪੂਜਾ ਮੌਕੇ ਵਿਸ਼ਾਲ ਭੰਡਾਰਾਂ 21 ਨੂੰ




ਸ਼ੇਰਪੁਰ, (ਸੱਤਪਾਲ ਸਿੰਘ ਕਾਲਾਬੂਲਾ ) - ਇਤਿਹਾਸਕ ਸਥਾਨ ਸ੍ਰੀ ਸ੍ਰੀ 1008 ਚਰਨ ਕਮਲ ਪੂਜ ਪਾਦ ਸਰਵ ਉਪਮਾ ਯੋਗ ਸਰਵ ਸ਼ਕਤੀਮਾਨ ਬ੍ਰਹਮਜੋਤ ਪ੍ਰਕਾਸ਼ਤਮ ਪੂਜਨੀਕ ਬ੍ਰਹਮਲੀਨ ਸ਼੍ਰੀ ਸੁਤੇ ਸਿੱਧ ਮਹਾਰਾਜ ਜੀ ਵਿਸ਼ਰਾਮ ਆਸ਼ਰਮ ( ਬਰਕਤ ਕੁਟੀਆ) ਘਨੌਰੀ ਰੋਡ , ਪਿੰਡ ਕਾਲਾਬੂਲਾ ( ਸੰਗਰੂਰ ) ਵਿਖੇ ਗੁਰੂ ਪੂਜਾ ਮੌਕੇ ਸਮੂੰਹ ਸਾਧ ਸੰਗਤ ਅਤੇ ਸ਼੍ਰੀ ਸੁਤੇ ਸਿੱਧ ਜੀ ਮਹਾਰਾਜ , ਮਹਾਰਾਜ ਚੈਰੀਟੇਬਲ ਟਰਸਟ ਪਿੰਡ ਕਾਲਾਬੂਲਾ ਵੱਲੋਂ ਵਿਸ਼ਾਲ ਭੰਡਾਰਾਂ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਬਰਕਤ ਕੁਟੀਆ ਕਾਲਾਬੂਲਾ ਦੇ ਗੱਦੀ ਨਸ਼ੀਨ ਮਹੰਤ ਸੁਤੇ ਪ੍ਰਕਾਸ਼ ਜੀ ਨੇ ਦੱਸਿਆ ਕਿ ਅੱਜ 19 ਜੁਲਾਈ ਨੂੰ ਸ੍ਰੀ ਚੰਦ੍ਰ ਸਿਧਾਂਤ ਸਾਗਰ ਦੇ ਪਾਠ ਪ੍ਰਕਾਸ਼ ਕਰਵਾਏ ਗਏ ਹਨ ਜਿੰਨ੍ਹਾ ਦੀ ਸੰਪੂਰਨਤਾ ਦੇ ਭੋਗ 21 ਜੁਲਾਈ ਦਿਨ ਐਤਵਾਰ ਨੂੰ ਸਵੇਰੇ 9 ਵਜੇ ਪਾਏ ਜਾਣਗੇ ,ਉਸ ਤੋਂ ਉਪਰੰਤ 10 ਵਜੇ ਗੁਰੂ ਕਾ ਭੰਡਾਰਾ ਅਤੁੱਟ ਵਰਤੇਗਾ। ਮਹੰਤ ਸੁਤੇ ਪ੍ਰਕਾਸ਼ ਜੀ ਨੇ ਸਮੂਹ ਸੰਗਤ ਨੂੰ ਗੁਰੂ ਦੀਆਂ ਖੁਸ਼ੀਆਂ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਹਾਰਦਿਕ ਸੱਦਾ ਦਿੱਤਾ ਹੈ।

# ਸਾਂਝਾ ਮੋਰਚਾ ਪੰਜਾਬ ਦਾ ਵ਼ਫਦ ਸਹਾਇਕ ਡਾਇਰੈਕਟ ( ਪ੍ਰੋਮੋਸ਼ਨ ਸੈੱਲ ) ਨੂੰ ਮਿਲਿਆ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਸਾਂਝਾ ਮੋਰਚਾ ਪੰਜਾਬ ਦਾ ਵਫ਼ਦ ਕਨਵੀਨਰ ਸੁਖਵਿੰਦਰ ਸਿੰਘ ਚਾਹਲ,ਸੁਰਿੰਦਰ ਕੁਮਾਰ ਪੁਆਰੀ,ਜਸਵਿੰਦਰ ਸਿੰਘ ਔਲਖ,ਬਲਜੀਤ ਸਿੰਘ ਸਲਾਣਾ ਤੇ ਬਾਜ਼ ਸਿੰਘ ਖਹਿਰਾ ਜੀ ਦੀ ਅਗਵਾਈ ਹੇਠ ਡੈਪੂਟੇਸ਼ਨ ਦੇ ਰੂਪ ਵਿੱਚ ਅੱਜ ਸਹਾਇਕ ਡਾਇਰੈਕਟਰ (ਪ੍ਰੋਮੋਸ਼ਨ ਸੈੱਲ) ਮੈਡਮ ਰੀਤੂਬਾਲਾ ਜੀ ਨੂੰ ਮਿਲਿਆ ।ਇਸ ਮੌਕੇ ਉਹਨਾਂ ਦੀ ਟੀਮ ਦੇ ਸਹਿਯੋਗੀ ਅਧਿਕਾਰੀ ਵੀ ਮੌਜੂਦ ਸਨ,

ਜਿਸ ਵਿੱਚ ਅਧਿਆਪਕ ਸਾਂਝਾ ਮੋਰਚਾ ਨੇ ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਦੀਆਂ ਤਰੱਕੀਆਂ ਸਬੰਧੀ ਵਿਸਥਾਰ ਨਾਲ ਗੱਲਬਾਤ ਕੀਤੀ ।ਜਿਸ ਬਾਰੇ ਡਾਇਰੈਕਟਰ ਮੈਡਮ ਨੇ ਦੱਸਿਆ ਕਿ ਜੇਕਰ ਕੋਈ ਅਧਿਆਪਕ ਕਿਸੇ ਵੀ ਕਾਰਨ ਆਪਣਾ ਇਤਰਾਜ਼ ਜਾਂ ਕੇਸ ਦੇਣ ਤੋਂ ਵਾਂਝਾ ਰਹਿ ਗਿਆ ਹੈ ਉਹ ਮਿਤੀ 22-07-24 ਤੱਕ ਆਪਣਾ ਇਤਰਾਜ਼ ਜਾਂ ਕੇਸ ਦਫ਼ਤਰ ਵਿੱਚ ਜਮ੍ਹਾ ਕਰਵਾ ਸਕਦਾ ਹੈ ਉਪਰੰਤ ਤੋਂ ਬਾਅਦ ਕੋਈ ਕੇਸ ਨਹੀਂ ਵਿਚਾਰਿਆ ਜਾਵੇਗਾ।

ਸਾਂਝੇ ਅਧਿਆਪਕ ਮੋਰਚੇ ਨੇ ਅਧਿਕਾਰੀਆਂ ਤੋਂ ਮੰਗ ਕੀਤੀ ਕਿ 2008-2012-2016-2021 ਵਿਚ ਹੋਈਆਂ ਪਰਮੋਸ਼ਨਾਂ ਦੀਆਂ ਮਿਤੀਆਂ ਜਾਰੀ ਕੀਤੀਆਂ ਜਾਣ ਤਾਂ ਜੋ ਅਧਿਆਪਕ ਨੂੰ ਆਪਣਾ ਨਾਮ ਅਸਾਨੀ ਨਾਲ ਮਿਲ ਸਕੇ। ਇਸ ਨਾਲ ਸਹਿਮਤ ਹੁੰਦਿਆਂ ਮੈਡਮ ਵੱਲੋਂ ਸੰਬੰਧਿਤ ਕਰਮਚਾਰੀਆਂ ਨੂੰ ਜਾਰੀ ਕਰਨ ਲਈ ਹਦਾਇਤਾਂ ਦੇ ਦਿੱਤੀਆਂ। ਅਧਿਕਾਰੀਆਂ ਨੇ ਦੱਸਿਆ ਕਿ 2008 ਤੱਕ ਹੋਈਆਂ ਪ੍ਰੋਮੋਸ਼ਨਾਂ ਦਾ ਰਿਵਿਊ ਕਰਕੇ ਜਿਨ੍ਹਾਂ ਅਧਿਆਪਕਾਂ ਦਾ ਕਲੇਮ ਬਣਦਾ ਹੈ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇਗਾ।

ਇਸ ਸਬੰਧੀ ਵਿਭਾਗ ਨੇ ਵਿਸ਼ਵਾਸ ਦਿਵਾਇਆ ਗਿਆ ਹੈ ਕੇ ਉਹ ਹਰ ਤਰ੍ਹਾਂ ਨਾਲ ਤਰੱਕੀਆਂ ਸਬੰਧੀ ਅਧਿਆਪਕਾਂ ਦਾ ਸਹਿਯੋਗ ਕਰਨਗੇ ਤੇ ਅਧਿਆਪਕ ਸਾਂਝੇ ਮੋਰਚੇ ਜਥੇਬੰਦੀ ਤੋਂ ਵੀ ਮੰਗ ਕੀਤੀ ਕੇ ਅਧਿਆਪਕ ਕੋਰਟ ਕੇਸ ਕਰਨ ਤੋਂ ਪਰਹੇਜ਼ ਕਰਨ ਤਾਂ ਜੋ ਪ੍ਰੋਮੋਸ਼ਨਾਂ ਦਾ ਕੰਮ ਜਲਦ ਨੇਪਰੇ ਚਾੜਿਆ ਜਾ ਸਕੇ। ਸਾਂਝੇ ਅਧਿਆਪਕ ਮੋਰਚੇ ਨੇ ਅਧਿਆਪਕ ਵਰਗ ਨੂੰ ਅਪੀਲ ਕੀਤੀ ਕਿ ਪ੍ਰੋਮੋਸ਼ਨਾਂ ਨਾਲ ਸਬੰਧਿਤ ਸਮੱਸਿਆਵਾਂ ਲਈ ਮੋਰਚਾ ਲਗਾਤਾਰ ਯਤਨਸ਼ੀਲ ਹੈ। ਜਿਸ ਕਿਸੇ ਅਧਿਆਪਕ ਨੂੰ ਕੋਈ ਵੀ ਸਮੱਸਿਆ ਆਉਂਦੀ ਹੈ। ਉਹ ਮੋਰਚੇ ਦੇ ਆਗੂਆਂ/ਵਰਕਰਾਂ ਦੇ ਧਿਆਨ ਵਿੱਚ ਲੈ ਕੇ ਆਉਣ ਤਾਂ ਜੋ ਸਬੰਧਿਤ ਅਧਿਆਪਕਾਂ ਨੂੰ ਇਨਸਾਫ ਮਿਲ ਸਕੇ। ਇਸ ਸਮੇਂ ਗੁਰਵਿੰਦਰ ਸਿੰਘ ਸ ਸ ਕੌਰ,ਚਰਨਜੀਤ ਸਿੰਘ,ਰਵਿੰਦਰ ਪੱਪੀ,ਮਨਪ੍ਰੀਤ ਸਿੰਘ, ਸੰਜੀਵ ਮੋਠਾਪੁਰ ਆਦਿ ਹਾਜ਼ਰ ਸਨ। ਪ੍ਰੈੱਸ ਬਿਆਨ ਬਲਦੇਵ ਸਿੰਘ ਧੌਲਾ (ਬਰਨਾਲਾ) ਨੇ ਜਾਰੀ ਕੀਤਾ।

# 75ਵੇਂ ਵਣ ਮਹਾਂਉਤਸਵ ਉਤਸਵ ਮੌਕੇ ਜ਼ਿਲ੍ਹਾ ਬਰਨਾਲਾ ਦੇ ਵੱਖ-ਵੱਖ ਸਕੂਲਾਂ ਵਿੱਚ ਲਗਾਏ ਬੂਟੇ।






ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਸਕੂਲੀ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਮੁਖੀਆਂ ਵੱਲੋਂ ਲਗਾਤਾਰ ਸਕੂਲਾਂ ਵਿੱਚ ਪਲਾਂਟੇਸ਼ਨ ਕਰਵਾਈ ਜਾ ਰਹੀ ਹੈ। ਇਸ ਦੀ ਕੜੀ ਵੱਜੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਧਨੌਲਾ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ (ਸਸ) ਬਰਨਾਲਾ ਇੰਦੂ ਸਿਮਕ ਵੱਲੋਂ ਸੁਖਚੈਨ ਦਾ ਬੂਟਾ ਲਗਾਇਆ ਗਿਆ। ਇਸ ਸਮੇ ਸਕੂਲ ਕੈਂਪਸ ਵਿੱਚ ਪਲਾਂਟੇਸ਼ਨ ਕੀਤੀ ਗਈ।ਵਿਦਿਆਰਥੀਆਂ ਦੇ ਵਾਤਾਵਰਣ ਜਾਗਰੂਕਤਾ ਸੰਬੰਧੀ ਕਰਵਾਏ ਗਏ ਚਾਰਟ ਮੁਕਾਬਲਿਆਂ ਦੌਰਾਨ ਜਸਕਰਨ ਸਿੰਘ ਜਮਾਤ ਅੱਠਵੀ-ਬੀ ਨੇ ਪਹਿਲਾ ਸਥਾਨ, ਅਰਸ਼ਦੀਪ ਸਿੰਘ ਅੱਠਵੀ-ਬੀ ਨੇ ਦੂਸਰਾ ਅਤੇ ਲਵਨੂਰ ਸਿੰਘ ਜਮਾਤ ਛੇਵੀਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸਲੋਂਗਨ ਮੁਕਾਬਲਿਆਂ ਦੌਰਾਨ ਅਜੈ ਕੁਮਾਰ ਜਮਾਤ ਦਸਵੀਂ-ਏ ਨੇ ਪਹਿਲਾ ਸਥਾਨ, ਸੁਖਚੈਨ ਸਿੰਘ ਦਸਵੀ-ਏ ਨੇ ਦੂਸਰਾ ਅਤੇ ਰਾਜੇਸ਼ ਦਸਵੀਂ-ਏ ਲਵਪ੍ਰੀਤ ਸਿੰਘ ਦਸਵੀ-ਬੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕੁਇੱਜ਼ ਮੁਕਾਬਲਿਆਂ ਦੌਰਾਨ ਗੀਤਿਮਾ ਜਮਾਤ ਬਾਰਵੀ-ਸੀ ਨੇ ਪਹਿਲਾ ਸਥਾਨ, ਤਰਨਪ੍ਰੀਤ ਗਿਆਰਵੀਂ-ਸੀ ਨੇ ਦੂਸਰਾ ਅਤੇ ਪੁਸਪਾ ਬਾਰਵੀ-ਸੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਪ੍ਰਥਮ ਵਿਦਿਆਰਥੀਆਂ ਨੂੰ ਇਨਾਮਾਂ ਦੀ ਵੰਡ ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ) ਬਰਨਾਲਾ ਇੰਦੂ ਸਿਮਕ ਵੱਲੋਂ ਕੀਤੀ ਗਈ। ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ) ਬਰਨਾਲਾ ਇੰਦੂ ਸਿਮਕ ਨੇ ਵਿਦਿਆਰਥੀਆਂ ਨੂੰ ਪ੍ਰਕਿਰਤੀ ਨਾਲ ਜੁੜ ਇਸਦੇ ਅਦਭੁੱਤ ਨਜ਼ਾਰਿਆਂ ਦਾ ਆਨੰਦ ਮਾਣਨ ਲਈ ਪ੍ਰੇਰਿਤ ਕੀਤਾ। ਉਹਨਾਂ ਵਿਦਿਆਰਥੀਆਂ ਨੂੰ ਵਧੇਰੇ ਪਲਾਂਟਸ ਲਗਾ, ਉਹਨਾਂ ਦੀ ਸਾਭ ਸੰਭਾਲ ਕਰ ਵਾਤਾਵਰਣ ਸ਼ੁੱਧ ਅਤੇ ਹਰਿਆ-ਭਰਿਆ ਬਣਾਉਣ ਲਈ ਅਮਲੀ ਰੂਪ ਵਿੱਚ ਯੋਗਦਾਨ ਪਾਉਂਦੇ ਰਹਿਣ ਲਈ ਉਤਸ਼ਾਹਿਤ ਕੀਤਾ। ਇਸ ਸਮੇਂ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ) ਬਰਨਾਲਾ ਬਰਜਿੰਦਰਪਾਲ ਸਿੰਘ, ਸਕੂਲ ਇੰਚਾਰਜ ਰੇਨੂੰ ਬਾਲਾ, ਸਿਮਰਦੀਪ ਸਿੰਘ ਡੀ.ਪੀ.ਈ. ਨਰਿੰਦਰ ਸ਼ਰਮਾ ਜ਼ਿਲ੍ਹਾ ਸਮਾਰਟ ਕੋਆਰਡੀਨੇਟਰ, ਹਰਪ੍ਰੀਤ ਕੌਰ, ਨਰਪਿੰਦਰ ਸਿੰਘ ਰੇਬਤੀ ਬਾਲਾ, ਈਕੋ ਕਲੱਬ ਇੰਚਾਰਜ ਰਸਮੀ ਅਤੇ ਮੀਨਾਕਸੀ ਰਾਣੀ ਸਾਇੰਸ ਮਿਸਟਰੈਸ ਆਦਿ ਮੌਜੂਦ ਸਨ। ਇਸ ਤਰ੍ਹਾਂ ਇਹ ਜਾਗਰੂਕਤਾ ਪ੍ਰੋਗਰਾਮ ਸਕੂਲੀ ਵਿਦਿਆਰਥੀਆਂ ਨੂੰ ਸ਼ੁੱਧ ਅਤੇ ਸਵੱਛ ਵਾਤਾਵਰਣ ਦੀ ਮਹੱਤਤਾ ਨਾਲ ਜੋੜਦਾ ਸਫ਼ਲਤਾਪੂਰਵਕ ਸਮਾਪਤ ਹੋਇਆ।

# ਕਾਮਰੇਡ ਜੰਗੀਰ ਸਿੰਘ ਜੋਗਾ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਜੋਗਾ ਵਿਖੇ ਪੌਦੇ ਲਗਾਏ ਗਏ




ਜੋਗਾ, (ਲੋਕ ਬਾਣੀ) : ਕਾਮਰੇਡ ਜੰਗੀਰ ਸਿੰਘ ਜੋਗਾ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਜੋਗਾ ਵਿਖੇ ਵਾਤਾਵਰਣ ਨੂੰ ਹਰਾ-ਭਰਾ ਬਣਾਈ ਰੱਖਣ ਲਈ ਪੌਦੇ ਲਗਾਏ ਗਏ। ਪੌਦੇ ਲਗਾਉਣ ਦੀ ਸ਼ੁਰੂਆਤ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਪਰਸਨ ਦਲਜੀਤ ਕੌਰ, ਨਗਰ ਪੰਚਾਇਤ ਜੋਗਾ ਦੇ ਕੌਂਸਲਰ ਮੰਦਰ ਸਿੰਘ ਅਤੇ ਸਕੂਲ ਮੁਖੀ ਪਰਵਿੰਦਰ ਸਿੰਘ ਵੱਲੋਂ ਪੌਦਾ ਲਗਾ ਕੇ ਕੀਤੀ ਗਈ। ਸਕੂਲ ਮੁਖੀ ਪਰਵਿੰਦਰ ਸਿੰਘ ਨੇ ਕਿਹਾ ਕਿ ਵਾਤਾਵਰਣ ਨੂੰ ਸਾਫ-ਸੁਥਰਾ ਰੱਖਣ ਲਈ ਹਰ ਵਿਅਕਤੀ ਨੂੰ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਕਿ ਆਲਮੀ ਤਪਸ਼ ਨੂੰ ਘਟਾਇਆ ਜਾ ਸਕੇ। ਉਹਨਾਂ ਨੇ ਕਿਹਾ ਕਿ ਸਿਰਫ ਪੌਦੇ ਲਗਾਉਣਾ ਹੀ ਕਾਫੀ ਨਹੀਂ ਹੈ, ਪੌਦੇ ਲਗਾ ਕੇ ਉਹਨਾਂ ਦੀ ਸਾਂਭ-ਸੰਭਾਲ ਕਰਨਾ ਵੀ ਬਹੁਤ ਜਰੂਰੀ ਹੈ। ਇਸ ਮੌਕੇ ਨਗਰ ਪੰਚਾਇਤ ਜੋਗਾ ਦੇ ਕੌਂਸਲਰ ਮੰਦਰ ਸਿੰਘ, ਸਕੂਲ ਮੈਨੇਜਮੈਂਟ ਕਮੇਟ ਦੀ ਚੇਅਰਪਰਸਨ ਦਲਜੀਤ ਕੌਰ, ਹੇਮਾ ਗੁਪਤਾ, ਸਰੋਜ ਰਾਣੀ, ਸ਼ਰਨਜੀਤ ਕੌਰ, ਰਜਿੰਦਰ ਕੌਰ, ਪੂਜਾ ਰਾਣੀ, ਪ੍ਰਿਅੰਕਾ ਰਾਣੀ, ਹਰਜਿੰਦਰ ਕੌਰ, ਪੂਜਾ ਬਾਂਸਲ, ਰਜਿੰਦਰ ਕੌਰ (ਕੰਪਿ), ਵੀਰਪਾਲ ਕੌਰ, ਮਨਦੀਪ ਕੌਰ, ਗੁਰਵੀਰ ਸਿੰਘ, ਅਮਿਤ ਕੁਮਾਰ, ਪ੍ਰਦੀਪ ਕੁਮਾਰ, ਹਰਦੀਪ ਸਿੰਘ, ਮੇਲਾ ਸਿੰਘ, ਸੁਰਿੰਦਰ ਸਿੰਘ, ਹਰਪਾਲ ਸਿੰਘ, ਜੱਗਾ ਸਿੰਘ, ਜਗਸੀਰ ਸਿੰਘ ਸਮੇਤ ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।

# ਰੱਖੀ ਹੈ ਤੁਨੇ ਮੇਰੀ ਲਾਜ਼ ਹਰ ਮੁਕਾਮ ਪਰ, ਖਵਾਜਾ ਐਸੇ ਹੀ ਨਜ਼ਰ ਰੱਖਣਾ ਆਪਣੇ ਗੁਲਾਮ ਪਰ- ਹਰਜੋਤ ਬੈਂਸ

## ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਖਵਾਜਾ ਪੀਰ ਜੀ ਦਾ ਬੇੜਾ ਛੱਡਣ ਦੀ ਰਸਮ ਅਦਾ ਕੀਤੀ

ਸ਼੍ਰੀ ਆਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ) ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਸਥਾਨਕ ਵਰੁਣ ਦੇਵ ਮੰਦਰ ਨੇੜੇ ਖਵਾਜਾ ਪੀਰ ਵਿਖੇ ਬੇੜਾ ਛੱਡਣ ਦੀ ਰਸਮ ਅਦਾ ਕੀਤੀ ਤੇ ਇਲਾਕਾ ਵਾਸੀਆਂ ਦੇ ਭਰਵੇ ਤੇ ਪ੍ਰਭਾਵਸ਼ਾਲੀ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਨੰਗਲ ਸ਼ਹਿਰ ਦੇ ਸਰਵਪੱਖੀ ਵਿਕਾਸ ਨਾਲ ਨੁਹਾਰ ਬਦਲਣ ਦਾ ਵਾਅਦਾ ਮੁੜ ਦੁਹਰਾਇਆ। ਉਨ੍ਹਾਂ ਨੇ ਧਾਰਮਿਕ ਅੰਦਾਜ ਵਿਚ ਕਿਹਾ ਕਿ ਰੱਖੀ ਹੈ ਤੁਨੇ ਮੇਰੀ ਲਾਜ਼ ਹਰ ਮੁਕਾਮ ਪਰ, ਖਵਾਜਾ ਐਸੇ ਹੀ ਨਜ਼ਰ ਰੱਖਣਾ ਆਪਣੇ ਗੁਲਾਮ ਪਰ ਅਤੇ ਧਾਰਮਿਕ ਸਖਸੀਅਤਾਂ, ਸੰਤਾਮਹਾਪੁਰਸ਼ਾਂ ਦਾ ਆਸੀਰਵਾਦ ਪ੍ਰਾਪਤ ਕੀਤਾ। ਸ.ਬੈਂਸ ਨੇ ਕਿਹਾ ਕਿ ਹਰ ਸਾਲ ਇਸ ਦਿਨ ਦਾ ਬੇਸਬਰੀ ਨਾਲ ਇਸ ਦਾ ਇੰਤਜਾਰ ਰਹਿੰਦਾ ਹੈ, ਨੰਗਲ ਸ਼ਹਿਰ ਦਰਿਆ ਤੇ ਵਸਿਆ ਹੈ ਤੇ ਖਵਾਜਾ ਹਮੇਸ਼ਾ ਸਾਡੀ ਰੱਖਿਆ ਕਰਦਾ ਹੈ, ਸਾਡੀ ਆਪਸੀ ਭਾਈਚਾਰਕ ਸਾਝ ਮਜਬੂਤ ਹੈ ਤੇ ਸਾਰੇ ਤਿਉਹਾਰ ਰਲ ਮਿਲ ਕੇ ਮਨਾਉਦੇ ਹਾਂ।

ਇਲਾਕੇ ਦੇ ਪ੍ਰਸਿੱਧ ਖਵਾਜ਼ਾ ਪੀਰ ਮੰਦਰ (ਵਰੁਣ ਦੇਵ ਮੰਦਰ) ਵਿਖੇ ਹਰ ਸਾਲ ਦੋ ਦਿਨ੍ਹ ਚੱਲਣ ਵਾਲਾ ਸਲਾਨਾ ਜੋੜ ਮੇਲਾ ਅੱਜ ਸ਼ਰਧਾ ਤੇ ਉਤਸ਼ਾਹ ਨਾਲ ਸਪੰਨ ਹੋ ਗਿਆ। ਮੇਲੇ ਦੇ ਦੂਜੇ ਦਿਨ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਵਿਸ਼ੇਸ਼ ਤੌਰ ਤੇ ਹਾਜਰੀ ਲਗਵਾਈ ਅਤੇ ਵਿਧੀਪੂਰਵਕ ਪੂਜਾ ਕਰਨ ਉਪਰੰਤ ਬੇੜਾ ਛੱਡਣ ਦੀ ਰਸਮ ਅਦਾ ਕੀਤੀ। ਇਸ ਮੌਕੇ ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਮੂਹ ਸੰਗਤਾਂ ਵੱਲੋਂ ਸਮੁੱਚੀ ਮਾਨਵਤਾ ਦਾ ਭਲਾ ਮੰਗਦਿਆਂ ਹੋਏ ਬੇੜਾ ਜਲ ਪ੍ਰਵਾਹ ਕੀਤਾ ਗਿਆ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਾਡਾ ਧਰਮ ਅਤੇ ਸੰਸਕ੍ਰਿਤੀ ਸੰਸਾਰ ਭਰ ਵਿਚ ਸਭ ਤੋ ਉੱਤਮ ਮੰਨਿਆ ਗਿਆ ਹੈ। ਵੱਖ ਵੱਖ ਧਰਮਾ ਵਾਲੇ ਸਾਡੇ ਦੇਸ਼ ਵਿਚ ਅਨੇਕਤਾ ਵਿਚ ਏਕਤਾ ਨਜ਼ਰ ਆਉਦੀ ਹੈ। ਸਾਡੇ ਦੇਸ਼ ਵਾਸੀ ਹਰ ਧਰਮ ਦਾ ਬਰਾਬਰ ਸਤਿਕਾਰ ਕਰਦੇ ਹਨ, ਸਾਰੇ ਤਿਉਹਾਰ ਰਲ ਮਿਲ ਕੇ ਮਨਾਉਦੇ ਹਨ। ਇਸ ਲਈ ਸਾਡੇ ਦੇਸ਼ ਨੂੰ ਧਰਮ ਨਿਰਪੱਖ ਕਿਹਾ ਜਾਂਦਾ ਹੈ। ਸੰਤਾ ਮਹਾਪੁਰਸ਼ਾ ਨੇ ਜੋ ਗਿਆਨ ਸਦੀਆ ਤੋਂ ਸਾਨੂੰ ਵੰਡਿਆ ਹੈ, ਉਸ ਨਾਲ ਅਸੀ ਆਪਣੀਆ ਅਗਲੀਆ ਪੀੜ੍ਹੀਆ ਨੂੰ ਨਵੀ ਸੇਧ ਦੇਣ ਦੇ ਸਮਰੱਥ ਹੋਏ ਹਾਂ। ਰਵਾਇਤੀ ਤਿਉਹਾਰ ਸਾਡੀ ਸ਼ਾਨ ਹਨ, ਸਾਡਾ ਅਮੀਰ ਵਿਰਸਾ ਧਰਮ, ਸੱਭਿਆਚਾਰ, ਰੀਤੀ-ਰਿਵਾਜ ਸਾਨੂੰ ਜੀਵਨ ਵਿਚ ਹਮੇਸ਼ਾ ਸਹੀ ਰਸਤੇ ਤੇ ਚੱਲਣ ਦਾ ਸੁਨੇਹਾ ਦਿੰਦੇ ਹਨ। ਉਨ੍ਹਾਂ ਨੇ ਇਸ ਮੋਕੇ ਨੌਜਵਾਨਾ, ਬਜੁਰਗਾ ਤੇ ਬੱਚਿਆ ਨੂੰ ਸਾਰੇ ਧਰਮਾ ਦੇ ਤਿਉਹਾਰ ਰਲ ਕੇ ਮਨਾਉਣ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਨੰਗਲ ਦੇ ਵਿਕਾਸ ਵਿਚ ਕੋਈ ਕਸਰ ਬਾਕੀ ਨਹੀ ਰਹੇਗੀ, ਸਰਕਾਰੀ ਸਕੂਲਾਂ ਵਿਚ ਮਿਆਰੀ ਸਿੱਖਿਆ ਉਪਲੱਬਧ ਕਰਵਾਈ ਜਾ ਰਹੀ ਹੈ। ਇਸ ਮੌਕੇ ਕਮੇਟੀ ਮੈਂਬਰ ਪ੍ਰਧਾਨ ਦਿਲਬਾਗ ਪ੍ਰਮਾਰ, ਰਾਕੇਸ਼ ਮਹਿਤਾ, ਸੁਰਜੀਤ ਸਿੰਘ, ਜਗਦੀਸ਼ ਜੱਗੀ, ਬਲਵੀਰ ਮਹਿਤਾ, ਹਰਭਜਨ ਸੈਣੀ, ਜਗਤਾਰ ਸੈਣੀ, ਕਮਲ ਘਈ, ਕ੍ਰਿਪਾਲ ਸਿੰਘ, ਵਕੀਲ ਚੰਦ, ਹਰਮਿੰਦਰ ਸਿੰਘ, ਸੁਰਿੰਦਰ ਸਿੰਦਾ ਨੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਵਿਸ਼ੇਸ ਸਨਮਾਨ ਕੀਤਾ।




ਕੈਬਨਿਟ ਮੰਤਰੀ ਨੇ ਇਸ ਮੌਕੇ ਕਮੇਟੀ ਨੂੰ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਇਸ ਮੌਕੇ ਡਾਕਟਰ ਸੰਜੀਵ ਗੌਤਮ ਸੂਬਾ ਪ੍ਰਧਾਨ ਡਾਕਟਰ ਵਿੰਗ, ਸੀਨੀਅਰ ਲੀਡਰ ਸਤੀਸ਼ ਚੋਪੜਾ, ਅਰਵੀਨ ਅੰਸਾਰੀ, ਕੇਹਰ ਸਿੰਘ, ਮੁਕੇਸ਼ ਵਰਮਾ, ਇਮਰਾਨ ਖਾਨ, ਮੋਹਿਤ ਦੀਵਾਨ, ਮਨਜੋਤ ਰਾਣਾ, ਅਰਵਿੰਦਰ ਸਿੰਘ, ਰਾਜੂ ਅਰੋੜਾ, ਮੋਹਿਤ, ਕਰਨ ਸੈਣੀ, ਗੁਲਸ਼ਨ ਚਰਨਾ, ਹਰਵਿੰਦਰ ਸਿੰਘ, ਜਸਪਾਲ ਜੱਸੀ, ਨਰਿੰਦਰ ਸਿੰਘ, ਸੰਨੀ ਕੁਮਾਰ, ਦਲਜੀਤ ਸਿੰਘ, ਅੰਕੁਸ਼ ਸ਼ਰਮਾ, ਨਿਤਿਨ, ਪ੍ਰਿੰ.ਗੁਰਨਾਮ ਸਿੰਘ ਹਾਜ਼ਰ ਸਨ।

# ਆਸਰਾ ਫਾਊਡੇਸ਼ਨ ਬਰੇਟਾ ਤੇ ਜਿਲਾ ਰੂਰਲ ਯੂਥ ਕਲੱਬ ਐਸੋਸੀਏਸ਼ਨ ਮਾਨਸਾ ਵਲੋ ਰੁਜਗਾਰ ਮੇਲਾ ਲਵਾਇਆ

ਮਾਨਸਾ ((ਲੋਕ ਬਾਣੀ)) ਆਸਰਾ ਫਾਊਡੇਸ਼ਨ ਬਰੇਟਾ, ਜਿਲਾ ਰੂਰਲ ਯੂਥ ਕਲੱਬਜ ਐਸੋਸੀਏਸ਼ਨ ਮਾਨਸਾ, ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ, ਭਾਰਤ ਵਿਕਾਸ ਪ੍ਰੀਸ਼ਦ ਬਰੇਟਾ,ਇਲਾਕਾ ਅਤੇ ਸਹਿਰ ਨਿਵਾਸੀਆ, ਮੋਹਤਬਰਾਂ,ਧਾਰਮਿਕ, ਸਮਾਜ ਸੇਵੀ ਜਥੇਬੰਦੀਆ ਵੱਲੋਂ ਜਿਲਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ ਮਾਨਸਾ ਦੇ ਸਹਿਯੋਗ, ਨਾਲ ਅਰਿਹੰਤ ਕਾਲਜ ਆਫ ਐਜੂਕੇਸ਼ਨ ਨੇੜੇ ਗਰੀਨ ਲੈਂਡ ਸਕੂਲ ਬਰੇਟਾ ਕੈਂਚੀਆਂ ਵਿਖੇ ਰੋਜ਼ਗਾਰ ਮੇਲਾ ਲਗਾਇਆ ਗਿਆ ਜਿਸ ਵਿੱਚ ਪੰਜਾਬ ਦੀਆਂ 12 ਕੰਪਨੀਆਂ ਨੇ ਭਾਗ ਲਿਆ ਅਤੇ 210 ਦੇ ਕਰੀਬ ਲੜਕੇ ਲੜਕੀਆਂ ਨੂੰ ਜੋਇਨਗ ਲੈਟਰ ਦਿੱਤੇ ਗਏ ਇਸ ਮੌਕੇ ਮੁੱਖ ਮਹਿਮਾਨ ਜਰਨੈਲ ਸਿੰਘ ਐਡੀਟਰ ਪੈਨਸ਼ਨ ਵੈਲਫੇਅਰ ਐਸੋਸੀਏਸ਼ਨ ਬਰੇਟਾ, ਉੱਗੇ ਸਮਾਜ ਸੇਵੀ ਪ੍ਰਕਾਸ਼ ਚੰਦ ਬਾਸਲ ਕੁਲਰੀਆਂ, ਮੰਜੂ ਬੰਸਲ ਚੇਅਰ ਪਰਸਨ ਗਰੀਨਲੈਂਡ ਡੇਬੋਰਡਿੰਗ ਪਬਲਿਕ ਸਕੂਲ ਬਰੇਟਾ, ਸਰਦਾਰ ਦਰਸ਼ਨ ਸਿੰਘ ਰਿਟਾਇਰ ਪ੍ਰਿੰਸੀਪਲ ਬਰੇਟਾ ਨੇ ਰੋਜ਼ਗਾਰ ਮੇਲੇ ਦਾ ਉਦਘਾਟਨ ਕਰਦਿਆਂ ਕਿਹਾ ਕਿ ਇਹੋ ਜਿਹੇ ਰੁਜ਼ਗਾਰ ਮੇਲੇ ਟੀਮ ਆਸਰਾ ਵੱਲੋਂ ਲਗਾ ਕੇ ਬਹੁਤ ਹੀ ਸਲਾਘਾਯੋਗ ਕਦਮ ਕੀਤਾ ਹੈ ਉਨਾ ਅੱਗੇ ਕਿਹਾ ਕਿ ਕਰੋਨਾ ਸਮੇਂ ਹੜ ਪੀੜਤਾਂ ਦੀ ਮਦਦ, 115 ਅੱਖਾਂ ਦੇ ਕੈਂਪ, ਗਰਮੀਆਂ ਵਿੱਚ ਪਾਣੀ ਦੀ ਸੇਵਾ, ਲੋੜਵੰਦਾਂ ਦਾ ਫਰੀ ਇਲਾਜ ਕਰਵਾਉਣ ,ਨੌਜਵਾਨਾਂ ਨੂੰ ਰੁਜ਼ਗਾਰ ਦਵਾਉਣ ਚ ਮੋਹਰੀ ਰੋਲ ਅਦਾ ਕਰਨ ਤੋਂ ਇਲਾਵਾ ਇਸ ਸੰਸਥਾ ਵੱਲੋਂ ਲੋਕ ਭਲਾਈ ਦੇ ਬਹੁਤ ਜਿਆਦਾ ਕੰਮ ਕੀਤੇ ਜਾ ਰਹੇ ਹਨ ਇਸ ਮੌਕੇ ਸਟੇਟ ਵਾਰਡ ਜੀ ਰਜਿੰਦਰ ਕੁਮਾਰ ਵਰਮਾ ਪ੍ਰਧਾਨ ਜਿਲਾ ਰੂਰਲ ਯੂਥ ਕਲੱਬ ਐਸੋਸੀਏਸ਼ਨ ਮਾਨਸਾ, ਡਾਕਟਰ ਅਵਤਾਰ ਸਿੰਘ ਖੱਤਰੀ ਵਾਲਾ, ਰਘਬੀਰ ਸਿੰਘ ਗੁੱਡੂ, ਸੰਗਤ ਸਿੰਘ ਦਰੀਆ ਨੇ ਕਿਹਾ ਕਿ ਅਸੀਂ ਆਸਰਾ ਫਾਊਂਡੇਸ਼ਨ ਤੇ ਮਾਤਾ ਗੁਜਰੀ ਭਲਾਈ ਕੇਂਦਰ ਬੁਲਾਡਾ ਨਾਲ ਮਿਲ ਕੇ ਵਾਤਾਵਰਨ ਨੂੰ ਸ਼ੁੱਧ ਕਰਨ ਲਈ ਅੱਜ




ਸਾਝੀਆਂ ਥਾਵਾਂ ਉਤੇ ਵੱਖ-ਵੱਖ ਤਰ੍ਹਾਂ ਬੂਟੇ ਵੀ ਲਗਾਏ ਗਏ ਹਨ ਇਸ ਮੌਕੇ ਪ੍ਰਧਾਨਗੀ ਦੀ ਰਸਮ ਅਦਾ ਕਰਦਿਆਂ ਡਾਕਟਰ ਗਿਆਨ ਚੰਦ ਆਜ਼ਾਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੰਮ ਕੋਈ ਛੋਟਾ ਵੱਡਾ ਨਹੀਂ ਹੁੰਦਾ ਪਰ ਜੇਕਰ ਉਸ ਨੂੰ ਦਿਲ ਨਾਲ ਕੀਤਾ ਜਾਵੇ ਅਜੈਬ ਸਿੰਘ ਬਹਾਦਰਪੁਰ ਅਤੇ ਸੁਖਪਾਲ ਸਿੰਘ ਪੰਜਾਬ ਪੁਲਿਸ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਨੌਜਵਾਨਾਂ ਨੂੰ ਹੋਰ ਰੁਜ਼ਗਾਰ ਦੇ ਮੌਕੇ ਦਵਾਉਣ ਲਈ ਹੋਰ ਵੀ ਰੋਜ਼ਗਾਰ ਮੇਲੇ ਕਰਵਾਏ ਜਾਣਗੇ ਉਹਨਾਂ ਸਾਰੀਆਂ ਸੰਸਥਾਵਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਇਸ ਮੌਕੇ ਜਿਲਾ ਰੁਜ਼ਗਾਰ ਅਫਸਰ ਰਵਿੰਦਰ ਸਿੰਘ, ਪਲੇਸਮੈਂਟ ਆਫਸਰ ਗੌਰਵ, ਸਰਬਜੀਤ ਕੌਰ, ਸਨੀਤਾ ਰਾਣੀ, ਪ੍ਰਿੰਸੀਪਲ ਉਰਮਿਲ ਜੈਨ, ਲੈਕਚਰਾਰ ਕੁਲਦੀਪ ਸਿੰਘ ਖਡਾਲ, ਰਾਧੇ ਸ਼ਾਮ ਫਾਊਂਡੇਸ਼ਨ, ਸਿਹਤ ਵਿਭਾਗ ਬਰੇਟਾ, ਮਾਰਕੀਟ ਕਮੇਟੀ ਬਰੇਟਾ, ਮਿਊਸਪਲ ਕਮੇਟੀ ਬਰੇਟਾ ਅਤੇ ਪੁਲਿਸ ਵਿਭਾਗ ਬਰੇਟਾ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਕਰਕੇ ਲੋੜਵੰਦ ਮੁਤਾਬਕ ਹਰ ਤਰਾਂ ਦੇ ਵਧੀਆ ਪ੍ਰਬੰਧ ਕੀਤੇ ਗਏ ਸਨ

### ,200ਦੇ ਲਗਭਗ ਨੋਜਵਾਨਾ ਨੂੰ ਰੁਜਗਾਰ ਮਿਲਿਆ : ਵਰਮਾ

# ਸਰਕਾਰੀ ਹਾਈ ਸਕੂਲ ਨਾਈਵਾਲਾ ਵਿੱਚ ਵਿਦਿਆਰਥੀਆਂ ਦਾ ਹੋਇਆ ਮੈਡੀਕਲ ਚੈੱਕਅੱਪ




ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ, ਬੇਅੰਤ ਸਿੰਘ ਬਖਤਗੜ੍ਹ) ਸਰਕਾਰੀ ਸਕੂਲਾਂ ਵਿੱਚ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਹਸਪਤਾਲ ਦੇ ਡਾਕਟਰਾਂ ਦੁਆਰਾ ਵਿਦਿਆਰਥੀਆਂ ਦਾ ਮੈਡੀਕਲ ਚੈੱਕਅੱਪ ਕੀਤਾ ਜਾਂਦਾ ਹੈ ਇਸੇ ਲੜੀ ਤਹਿਤ ਜ਼ਿਲ੍ਹਾ ਬਰਨਾਲਾ ਦੇ ਸਰਕਾਰੀ ਹਾਈ ਸਕੂਲ ਨਾਈਵਾਲਾ ਵਿੱਚ ਹੈਡਮਾਸਟਰ ਰਾਜੇਸ਼ ਗੋਇਲ ਦੀ ਅਗਵਾਈ ਵਿੱਚ ਸਰਕਾਰੀ ਹਸਪਤਾਲ ਬਰਨਾਲਾ ਤੋਂ ਡਾਕਟਰ ਪੂਨਮ ਆਯੁਰਵੈਦਿਕ ਮੈਡੀਕਲ ਅਫ਼ਸਰ ਅਤੇ ਗੁਰਮੀਤ ਕੌਰ ਸਟਾਫ਼ ਨਰਸ ਵੱਲੋਂ ਵਿਦਿਆਰਥੀਆਂ ਦਾ ਮੈਡੀਕਲ ਚੈੱਕਅੱਪ ਕੀਤਾ ਗਿਆ 9 ਇਸ ਦੀ ਜਾਣਕਾਰੀ ਦਿੰਦਿਆਂ ਮਹਿੰਦਰ ਪਾਲ ਕੰਪਿਊਟਰ ਅਧਿਆਪਕ ਨੇ ਦੱਸਿਆ ਕਿ ਡਾਕਟਰ ਪੂਨਮ ਅਤੇ ਸਟਾਫ਼ ਨਰਸ ਗੁਰਮੀਤ ਕੌਰ ਵੱਲੋਂ ਸਕੂਲ ਦੇ ਛੇਵੀਂ ਤੋਂ ਦਸਵੀਂ ਜਮਾਤ ਦੇ 118 ਵਿਦਿਆਰਥੀਆਂ ਦਾ ਚੈੱਕਅੱਪ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਸਿਹਤ ਸੰਭਾਲ ਦੇ ਨੁਕਤੇ ਦੱਸੇ 9 ਇਸ ਸਮੇਂ ਵਿਦਿਆਰਥੀਆਂ ਦੀ ਹਾਈਟ ਅਤੇ ਭਾਰ ਵੀ ਚੈਕ ਕੀਤਾ ਗਿਆ 9 ਮੈਡੀਕਲ ਚੈੱਕਅਪ ਸਮੇਂ ਵਿਦਿਆਰਥੀਆਂ ਦੇ ਨਾਲ ਸਾਇੰਸ ਮਿਸਟ੍ਰੈਸ ਮਧੂ ਵਾਲਾ ਅਤੇ ਉਨ੍ਹਾਂ ਦੇ ਕਲਾਸ ਇੰਚਾਰਜ ਹਰੀਸ਼ ਕੁਮਾਰ, ਲਵਲੀ ਸਿੰਗਲਾ, ਬੇਅੰਤ ਕੌਰ ਅਤੇ ਰਿਪਲ ਰਾਣੀ ਹਾਜ਼ਰ ਸਨ।

# ਪੌਦੇ ਲਗਾਉਣਾ ਅਤੇ ਇਨ੍ਹਾਂ ਦੀ ਸਾਂਭ ਸੰਭਾਲ ਸਾਡੀ ਸਭ ਦੀ ਜ਼ਿੰਮੇਵਾਰੀ : ਵਿਧਾਇਕ ਰਹਿਮਾਨ

ਮਾਲੇਰਕੋਟਲਾ(ਲੋਕ ਬਾਣੀ) ਇਤਿਹਾਸਿਕ ਸ਼ਹਿਰ ਮਾਲੇਰਕੋਟਲਾ ਦੀ ਦਿੱਖ ਨੂੰ ਸੁੰਦਰ ਬਣਾਉਣ ਲਈ ਅੱਜ ਦੀ ਆਜ਼ਾਦ ਫਾਊਂਡੇਸ਼ਨ ਮਾਲੇਰਕੋਟਲਾ ਵੱਲੋਂ ਪ੍ਰਧਾਨ ਜ਼ਹੂਰ ਅਹਿਮਦ ਚੌਹਾਨ ਦੀ ਅਗਵਾਈ ਤੇ ਉੱਘੇ ਵਾਤਾਵਰਣ ਪ੍ਰੇਮੀ ਸ਼੍ਰੀ ਸ਼ੌਕਤ ਅਲੀ (ਸ਼ੌਕੀ) ਦੇ ਸਹਿਯੋਗ ਨਾਲ ਢਾਬੀ ਗੇਟ ਲੋਹਾ ਬਾਜ਼ਾਰ ਤੋਂ ਫ਼ਲਦਾਰ ਅਤੇ ਛਾਂਦਾਰ ਬੂਟੇ ਲਗਾਉਣ ਦੀ ਮੁਹਿੰਮ ਦਾ ਆਗਾਜ਼ ਹਲਕਾ ਮਾਲੇਰਕੋਟਲਾ ਦੇ ਵਿਧਾਇਕ ਡਾ.ਮੁਹੰਮਦ ਜਮੀਲ ਉਰ ਰਹਿਮਾਨ ਵੱਲੋਂ ਪੌਦਾ ਲਗਾ ਕੇ ਕੀਤਾ ਗਿਆ।

ਪੌਦੇ ਲਗਾਉਣ ਦੀ ਸ਼ੁਰੂਆਤ ਉਪਰੰਤ ਗੱਲਬਾਤ ਕਰਦਿਆਂ ਵਿਧਾਇਕ ਡਾ.ਮੁਹੰਮਦ ਜਮੀਲ ਉਰ ਰਹਿਮਾਨ ਨੇ ਕਿਹਾ ਕਿ ਦੇਸ਼ ਅਤੇ ਸੂਬੇ ਦੇ ਸਾਹਮਣੇ ਵਾਤਾਵਰਣ ਬਹੁਤ ਵੱਡੀ ਚੁਣੌਤੀ ਬਣਿਆ ਹੋਇਆ ਹੈ ਜਿਸ ਲਈ ਦੇਸ਼ ਦੇ ਵਿਗਿਆਨੀ ਅਤੇ ਬੁੱਧੀਜੀਵੀ ਬੇਹੱਦ ਚਿੰਤਤ ਹਨ ਪਰ ਇਸ ਚੁਣੌਤੀ ਨਾਲ ਨਜਿੱਠਣ ਲਈ ਸਿਰਫ਼ ਸਰਕਾਰਾਂ ਹੀ ਨਹੀਂ ਬਲਕਿ ਆਮ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਵਿਧਾਇਕ ਰਹਿਮਾਨ ਨੇ ਕਿਹਾ ਕਿ ਵਾਤਾਵਰਣ ਨੂੰ ਗੰਦਲਾ ਹੋਣ ਤੋਂ ਬਚਾਉਣ ਲਈ ਦੇਸ਼ ਅਤੇ ਸੂਬੇ ਦੀਆਂ ਸਮਰਪਿਤ ਸੰਸਥਾਵਾਂ ਅੱਗੇ ਆ ਰਹੀਆਂ ਹਨ ਜੋ ਕਿ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਦੀ ਆਜ਼ਾਦ ਫਾਊਂਡੇਸ਼ਨ ਮਾਲੇਰਕੋਟਲਾ ਨੇ ਵੀ ਅੱਜ ਪੌਦੇ ਲਗਾਉਣ ਮੁਹਿੰਮ ਸ਼ੁਰੂ ਕੀਤੀ ਹੈ ਜੋ ਕਿ ਬਾਕੀ ਸੰਸਥਾਵਾਂ ਨੂੰ ਵੀ ਇਸ ਖੇਤਰ ਵਿਚ ਕੰਮ ਕਰਨ ਦੀ ਪ੍ਰੇਰਨਾ ਦੇਵੇਗੀ। ਉਨ੍ਹਾਂ ਮਾਲੇਰਕੋਟਲਾ ਵਾਸੀਆਂ ਨੂੰ ਬਰਸਾਤ ਦੇ ਮੌਸਮ ਵਿਚ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਅਪੀਲ ਕੀਤੀ ਤਾਂ ਕਿ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕੀਤਾ ਜਾ ਸਕੇ।




ਸੰਸਥਾ ਦੇ ਪ੍ਰਧਾਨ ਜ਼ਹੂਰ ਅਹਿਮਦ ਚੌਹਾਨ ਨੇ ਕਿਹਾ ਕਿ ਦਿਨ ਬ ਦਿਨ ਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਬਚਾਉਣ ਲਈ ਸਾਨੂੰ ਆਪਣੇ ਆਲੇ ਦੁਆਲੇ ਨੂੰ ਹਰਾ ਭਰਾ ਬਣਾਉਣ ਲਈ ਜ਼ਿਆਦਾ ਤੋਂ ਜ਼ਿਆਦਾ ਬੂਟੇ ਲਗਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜੇ ਸਮਾਂ ਰਹਿੰਦਿਆਂ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਨਾ ਬਚਾਇਆ ਗਿਆ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੂਸ਼ਿਤ ਜ਼ਹਿਰੀਲੇ ਵਾਤਾਵਰਨ ਚ ਰਹਿਣ ਲਈ ਮਜ਼ਬੂਰ ਹੋਣਗੀਆਂ ਜਿਸ ਦੇ ਜ਼ਿੰਮੇਵਾਰ ਅਸੀਂ ਖ਼ੁਦ ਹੋਵਾਂਗੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਰੁੱਖਾਂ ਤੋਂ ਅਸੀਂ ਛਾਂ ਦਾ ਆਨੰਦ ਮਾਣ ਰਹੇ ਹਾਂ ਉਹ ਰੁੱਖ ਸਾਡੇ ਬਜ਼ੁਰਗਾਂ ਦੀ ਦੇਣ ਹਨ ਸਾਨੂੰ ਵੀ ਆਪਣੇ ਆਉਣ ਵਾਲੀ ਪੀੜ੍ਹੀ ਨੂੰ ਠੰਢੀ ਛਾਂ ਦੇਣ ਅਤੇ ਆਕਸੀਜ਼ਨ ਮੁਹੱਈਆ ਕਰਵਾਉਣ ਲਈ ਜ਼ਿਆਦਾ ਤੋਂ ਜ਼ਿਆਦਾ ਬੂਟੇ ਪੌਦੇ ਲਗਾਉਣੇ ਤੇ ਪਾਲਣੇ ਚਾਹੀਦੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਉੱਘੇ ਵਾਤਾਵਰਣ ਪ੍ਰੇਮੀ ਸ਼੍ਰੀ ਸ਼ੌਕਤ ਅਲੀ (ਸ਼ੌਕੀ), ਮੈਡਮ ਫਰਿਆਲ ਰਹਿਮਾਨ, ਜਿਲ੍ਹਾ ਇੰਚਾਰਜ਼ ਜਾਫਰ ਅਲੀ, ਪੀ.ਏ ਗੁਰਮੁੱਖ ਸਿੰਘ ਖਾਨਪੁਰ, ਚੋਧਰੀ ਸ਼ਮਸ਼ੂਦੀਨ, ਕੌਂਸਲਰ ਮੁਹੰਮਦ ਨਜ਼ੀਰ, ਅਖਤਰ ਜੋਸ਼, ਨੂਰ ਮੁਹੰਮਦ, ਨਾਸਰ ਆਜ਼ਾਦ, ਰਣਦੀਪ ਸਿੰਘ, ਸ਼ਮਸ਼ਾਦ ਅਲੀ, ਉਮਰ ਫਾਰੂਕ ਆਦਿ ਹਾਜ਼ਰ ਸਨ।

## ਧੋਖਾ ,,

ਅੱਜ ਦੇ ਆਸ਼ਕ ਬੜੇ ਸਿਆਣੇ ,
ਮੂੰਹ ਤੋਂ ਦਿੱਸ ਦੇ ਭੋਲੇ ਆ ,
ਬਾਹਰੋਂ ਸਾਰੇ ਮਿੱਠਾ ਬੋਲਣ ,
ਅੰਦਰੋਂ ਅੱਗ ਦੇ ਗੋਲੇ ਆ ,
ਸਿਫ਼ਤਾਂ ਵਿੱਚ ਲਿਆ ਕੇ ਧੀ ਨੂੰ ,
ਜਿਸਮੀਂ ਲਾਹਾ ਕੱਢਦੇ ਨੇਂ ,
ਕਰਕੇ ਧੋਖਾ ਮਗਰੋਂ ਲੋਕੀਂ ,
ਵਿਆਹ ਕਰਵਾ ਕੇ ਛੱਡਦੇ ਨੇਂ ,
ਸੰਭਲ ਸੰਭਲ ਕੇ ਚੱਲੋ ਕੁੜੀਉ ,
ਕਲਯੁੱਗ ਚੰਦਰਾ ਕਹਿਰਾਂ ਚ ,
ਹਰ ਕੋਈ ਬੰਦਾ ਡੁੱਬਣ ਲੱਗਾ ,
ਹਵਸ਼ ਨਦੀ ਦੀਆਂ ਲਹਿਰਾਂ ਚ ,

,, ਲਵਪ੍ਰੀਤ ਸਿੰਘ ਸੋਹਣੇਵਾਲਾ ,,
,, ਸ਼੍ਰੀ ਮੁਕਤਸਰ ਸਾਹਿਬ ,,

# ਐਸ.ਡੀ.ਐਮ ਦੀ ਮੌਜੂਦਗੀ ਵਿੱਚ ਕਰਾਪ ਰੈਜੀਡਿਊ ਮੈਨੇਜਮੈਂਟ ਸਕੀਮ ਤਹਿਤ ਸਬਸਿਡੀ ਵਾਲੀ ਖੇਤੀ ਮਸ਼ੀਨਰੀ ਲਈ ਡਰਾਅ ਕੱਢੇ

ਮਾਲੇਰਕੋਟਲਾ (ਲੋਕ ਬਾਣੀ) ਝੋਨੇ ਦੀ ਪਰਾਲੀ ਨੂੰ ਖੇਤਾਂ ਵਿਚ ਹੀ ਵਾਹੁਣ ਲਈ ਕਰਾਪ ਰੈਜੀਡਿਊ ਮੈਨੇਜਮੈਂਟ ਸਕੀਮ ਅਧੀਨ ਜ਼ਿਲ੍ਹਾ ਮਾਲੇਰਕੋਟਲਾ ਚ ਨਿੱਜੀ ਕਿਸਾਨਾਂ,ਸਹਿਕਾਰੀ ਸਭਾਵਾਂ, ਰਜਿਸਟਰਡ ਕਿਸਾਨ ਗਰੁੱਪਾਂ,ਐਫ.ਪੀ.ਓ ਆਦਿ ਵਲੋਂ ਸਬਸਿਡੀ ਤੇ ਖੇਤੀ ਸੰਦ ਉਤਪਾਦ ਲੈਣ ਲਈ ਆਪਣੇ ਬਿਨੈਪੱਤਰ ਆਨ ਲਾਈਨ ਪੋਟਲ ਨੇ ਅਪਲਾਈ ਕੀਤੇ ਸਨ । ਇਨ੍ਹਾਂ ਕਿਸਾਨਾਂ ਅਤੇ ਗਰੁੱਪਾਂ ਨੂੰ ਖੇਤੀ ਮਸ਼ੀਨਰੀ ਉਤਪਾਦ ਸਬਸਿਡੀ ਤੇ ਮੁਹੱਈਆ ਕਰਾਉਣ ਲਈ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਨਿਯਮਾਂ ਅਨੁਸਾਰ ਡਿਪਟੀ ਕਮਿਸ਼ਨਰ ਡਾ ਪੱਲਵੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐਸ.ਡੀ.ਐਮ. ਮਾਲੇਰਕੋਟਲਾ ਸ੍ਰੀਮਤੀ ਅਪਰਨਾ ਐਮ.ਬੀ. ਦੀ ਅਗਵਾਈ ਹੇਠ ਰੈਂਡੇਮਾਈਜੇਸ਼ਨ ਸਿਸਟਮ ਰਾਹੀਂ ਡਰਾਅ ਕੱਢੇ ਗਏ । ਉਨ੍ਹਾਂ ਦੱਸਿਆ ਕਿ ਅੱਜ ਕੱਢੇ ਗਏ ਡਰਾਅ ਅਨੁਸਾਰ ਸੀ.ਆਰ.ਐਮ ਸਕੀਮ ਤਹਿਤ ਜ਼ਿਲ੍ਹੇ ਦੇ 152 ਕਿਸਾਨਾਂ ਅਤੇ 09 ਕਸਟਮ ਹਾਈਰਿੰਗ ਸੈਂਟਰਾਂ ਨੂੰ ਕਰੀਬ 04 ਕਰੋੜ 16 ਲੱਖ ਰੁਪਏ ਦੀ ਮਸ਼ੀਨਰੀ ਖਰੀਦਣ ਤੇ ਵਿਭਾਗ ਵਲੋਂ ਸਬਸਿਡੀ ਜਾਰੀ ਕੀਤੀ ਜਾਵੇਗੀ । ਉਨ੍ਹਾਂ ਦੱਸਿਆ ਕਿ ਇਹ ਮਸ਼ੀਨਾਂ ਕਿਸਾਨਾਂ ਲਈ ਵਾਤਾਵਰਨ ਪੱਖੀ ਖੇਤੀਬਾੜੀ ਲਈ, ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਹੀ ਗਾਲਣ ਅਤੇ ਆਧੁਨਿਕ ਖੇਤੀਬਾੜੀ ਕਰਨ ਵਿੱਚ ਸਹਾਈ ਸਿੱਧ ਹੋਣਗੀਆਂ।

ਜ਼ਿਲ੍ਹਾ ਖੇਤੀ ਬਾੜੀ ਅਫ਼ਸਰ ਡਾ ਹਰਬੰਸ ਸਿੰਘ ਨੇ ਅਵਗਤ ਕਰਵਾਇਆ ਕਿ ਨਿੱਜੀ ਕਿਸਾਨਾਂ ਦੀ ਕੈਟਾਗਰੀ ਵਿੱਚ ਡਰਾਅ ਵਿੱਚ ਸਫ਼ਲ ਰਹੇ 152 ਕਿਸਾਨਾਂ ਨੂੰ ਕਰੀਬ 02 ਕਰੋੜ ਰੁਪਏ ਦੇ ਖੇਤੀ ਸੰਦ ਉਤਪਾਦ ਸਬਸਿਡੀ ਤੇ ਮੁਹੱਈਆ ਕਰਵਾਏ ਜਾਣਗੇ । ਇਸ ਤੋਂ ਇਲਾਵਾ 09 ਕਸਟਮ ਹਾਈਰਿੰਗ ਸੈਂਟਰਾਂ ਨੂੰ 02 ਕਰੌੜ 16 ਲੱਖ ਰੁਪਏ ਦੇ ਖੇਤੀਬਾੜੀ ਸੰਦ ਸਬਸਿਡੀ ਤੇ ਮੁਹੱਈਆਂ ਕਰਵਾਏ ਜਾਣਗੇ ।

ਇਹ ਡਰਾਅ ਸੀ.ਆਰ.ਐਮ ਸਕੀਮ ਸਾਲ 2024-25 ਵਿੱਚ ਵੱਖ-ਵੱਖ ਮਸ਼ੀਨਾਂ ਜਿਵੇਂ ਕਿ ਹੈਪੀ ਸੀਡਰ, ਸੁਪਰ ਸੀਡਰ,ਆਰ.ਐਮ.ਬੀ ਪਲਾਓ,ਜ਼ੀਰੋ ਟਿਲ ਡਰਿੱਲ, ਪੈਡੀ ਸਟਰਾਅ ਚੌਪਰ,ਸ਼ਰੱਬ ਮਾਸਟਰ, ਸੁਪਰ ਐਸ.ਐਮ.ਐਸ, ਬੇਲਰ, ਰੇਕ ਅਤੇ ਕਰਾਪ ਰੀਪਰ ਅਤੇ ਸਰਫੇਸ ਸੀਡਰ ਆਦਿ ਮਸ਼ੀਨਾਂ ਦੇ ਕੱਢੇ ਗਏ ਤਾਂ ਜੋ ਕਿਸਾਨ ਸੀ.ਆਰ.ਐਮ ਸਕੀਮ ਤਹਿਤ ਪਰਾਲੀ ਦਾ ਯੌਗ ਪ੍ਰਬੰਧਨ ਕਰ ਸਕਣ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਬੰਸ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਨ ਸੀਟੂ ਸਕੀਮ ਅਧੀਨ ਪਰਾਲੀ ਦੇ ਯੋਗ ਪ੍ਰਬੰਧਨ ਕਰਨ ਵਾਲੀ ਖੇਤੀ ਮਸ਼ੀਨਰੀ ਸਬਸਿਡੀ 'ਤੇ ਮੁਹੱਈਆ ਕਰਵਾਉਣ ਦੇ ਮਿਥੇ ਟੀਚੇ ਤਹਿਤ ਅੱਜ ਡਰਾਅ ਕੱਢਿਆ ਗਿਆ ਹੈ ਜਿਸ ਤਹਿਤ 107 ਸੁਪਰ ਸੀਡਰ ,04 ਬੇਲਰ,02 ਹੈਪੀ ਸੀਡਰ,15 ਹਾਈ ਬਰੀਡ ਰਿਵਰਸ ਐਮ.ਬੀ.ਪਲੋਅ,08 ਮਲਚਰ,05 ਪੈਡੀ ਸਟਾਰਓ ਚੋਪਰ,06 ਸੁਪਰ ਐਸ.ਐਮ.ਐਸ.,ਇੱਕ ਜ਼ੀਰੋ ਟਿਲ ਡਰਿੱਲ,04 ਸਟਾਰ ਰੈਕਾਂ ਦੇ ਡਰਾਅ ਕੱਢੇ ਗਏ । ਕਿਸਾਨ ਇਸ ਡਰਾਅ ਦਾ ਨਤੀਜਾ ਆਨਲਾਈਨ ਪੋਰਟਲ agrimachinerypb.com, ਮੁੱਖ ਖੇਤੀਬਾੜੀ ਦਫ਼ਤਰ ਅਤੇ ਬਲਾਕ ਖੇਤੀਬਾੜੀ ਦਫ਼ਤਰਾਂ ਵਿੱਚ ਦੇਖ ਸਕਦੇ ਹਨ।

ਇਸ ਮੌਕੇ ਸ੍ਰੀਮਤੀ ਅਪਰਨਾ ਐਮ.ਬੀ. ਨੇ ਲਾਭਪਾਤਰੀ ਮਸ਼ੀਨਾਂ ਦੀ ਖ਼ਰੀਦ ਜਲਦ ਤੋਂ ਜਲਦ ਕਰਨ ਅਤੇ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਦੇ ਨਾੜ ਨੂੰ ਨਾ ਸਾੜਿਆ ਜਾਵੇ।




ਕਿਸਾਨ ਦੀਆਂ ਦਰਖਾਸਤਾਂ ਨੂੰ ਸੈਕਸ਼ਨ ਲੈਟਰ ਜਾਰੀ ਕਰ ਦਿੱਤੇ ਗਏ ਹਨ।

ਇਸ ਮੌਕੇ ਐਸ.ਡੀ.ਐਮ.ਸ੍ਰੀਮਤੀ ਸੁਰਿੰਦਰ ਕੌਰ, ਤਹਿਸ਼ੀਲਦਾਰ ਸ੍ਰੀ ਹਰਮਿੰਦਰ ਸਿੰਘ ਘੋਲੀਆ,ਖੇਤੀਬਾੜੀ ਵਿਕਾਸ ਅਫ਼ਸਰ ਡਾ ਕੁਲਵੀਰ ਸਿੰਘ, ਡਾ.ਨਵਦੀਪ ਸਿੰਘ, ਇੰਜ. ਗੁਰਿੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ ।

# 29 ਜੁਲਾਈ ਤੋਂ 03 ਅਗਸਤ 2024 ਤੱਕ ਮਾਨਯੋਗ ਸੁਪਰੀਮ ਕੋਰਟ ਵਿੱਚ ਲਗਾਈ ਜਾਵੇਗੀ ਸਪੈਸ਼ਲ ਲੋਕ ਅਦਾਲਤ - ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਅਗਰਵਾਲ

ਗੁਰਦਾਸਪੁਰ–ਨਵਨੀਤ ਕੁਮਾਰ –
ਸ੍ਰੀ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ–ਸਹਿਤ–ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਮਿਤੀ 29.07.2024 ਤੋਂ ਮਿਤੀ 03.08.2024 ਤੱਕ ਮਾਣਯੋਗ ਸੁਪਰੀਮ ਕੋਰਟ ਵਿਖੇ ਸਪੈਸ਼ਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਵੱਖ–ਵੱਖ ਕੈਟਾਗਰੀਆਂ ਜਿਵੇਂ ਕਿ ਲੇਬਰ ਨਾਲ ਸਬੰਧਿਤ ਮਾਮਲੇ, ਚੈੱਕ ਨਾਲ ਸਬੰਧਿਤ ਮਾਮਲੇ (138 ਐੱਨ.ਆਈ. ਐਕਟ), ਐਕਸੀਡੈਂਟ ਕਲੇਮ ਕੇਸ (ਮੋਟਰ ਐਕਸੀਡੈਂਟ ਕਲੇਮ), ਹੋਰ ਮੁਆਵਜ਼ੇ ਦੇ ਮਾਮਲੇ, ਪਰਿਵਾਰਿਕ ਕਾਨੂੰਨੀ ਮਾਮਲੇ, ਸਰਵਿਸਿਜ਼ ਸਬੰਧੀ ਮਾਮਲੇ, ਰੈਂਟ ਸਬੰਧੀ ਮਾਮਲੇ, ਅਕਾਦਮਿਕ ਮਾਮਲੇ, ਮੇਨਟੇਨੈਂਸ ਨਾਲ ਸਬੰਧਿਤ ਮੁੱਦੇ, ਮਾਰਟਗੇਜ ਨਾਲ ਸਬੰਧਿਤ ਮਾਮਲੇ, ਖਪਤਕਾਰ ਸੁਰੱਖਿਆ ਦੇ ਮਾਮਲੇ, ਤਬਾਦਲਾ ਪਟੀਸ਼ਨ (ਦੀਵਾਨੀ ਅਤੇ ਫ਼ੌਜਦਾਰੀ), ਰਕਮ ਵਸੂਲੀ ਸਬੰਧੀ ਮਾਮਲੇ, ਕਰਿਮੀਨਲ ਕੰਪਾਉਂਡੇਬਲ ਮਾਮਲੇ, ਜ਼ਮੀਨੀ ਵਿਵਾਦਾਂ ਨਾਲ ਸਬੰਧਿਤ ਮਾਮਲੇ, ਜੋ ਮਾਨਯੋਗ ਸੁਪਰੀਮ ਕੋਰਟ ਵਿੱਚ ਲੰਬਿਤ ਹਨ ਦਾ ਆਪਸੀ ਰਜ਼ਾਮੰਦੀ ਨਾਲ ਫ਼ੈਸਲਾ ਕਰਵਾਇਆ ਜਾਵੇਗਾ।

ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ–ਸਹਿਤ–ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਨੇ ਆਮ ਪਬਲਿਕ ਨੂੰ ਅਪੀਲ ਕਰਦੇ ਹੋਏ ਕਿਹਾ ਹੈ ਕਿ ਜੇਕਰ ਤੁਹਾਡਾ ਕੇਸ ਸੁਪਰੀਮ ਕੋਰਟ ਵਿੱਚ ਲੰਬਿਤ ਹੈ ਅਤੇ ਤੁਸੀਂ ਦੂਜੀ ਧਿਰ ਨਾਲ ਸਮਝੌਤੇ ਉਪਰੰਤ ਸੁਪਰੀਮ ਕੋਰਟ ਵਿੱਚ ਲੱਗਣ ਵਾਲੀ ਸਪੈਸ਼ਲ ਲੋਕ ਅਦਾਲਤ ਰਾਹੀਂ ਆਪਣੇ ਕੇਸਾਂ ਦਾ ਨਿਪਟਾਰਾ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਦੇ ਦਫ਼ਤਰ ਵਿੱਚ ਜਲਦੀ ਤੋਂ ਜਲਦੀ (ਪਰ ਮਿਤੀ 28.07.2024 ਤੋਂ ਬਾਅਦ ਨਹੀਂ), ਕਿਸੇ ਵੀ ਕੰਮ ਕਾਜ ਵਾਲੇ ਦਿਨ ਸੰਪਰਕ ਕਰਕੇ ਕੇਸ ਦਾ ਨਿਪਟਾਰਾ ਕਰਵਾ ਸਕਦੇ ਹੋ। ਸ੍ਰੀ ਸੁਮਿਤ ਭੱਲਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਨੇ ਦੱਸਿਆ ਕਿ ਮਾਨਯੋਗ ਸੁਪਰੀਮ ਕੋਰਟ ਵਿਖੇ ਲਗਾਈ ਜਾਣ ਵਾਲੀ




ਸਪੈਸ਼ਲ ਲੋਕ ਅਦਾਲਤ ਸਬੰਧੀ ਕਿਸੇ ਵੀ ਪ੍ਰਕਾਰ ਦੀ ਪੁੱਛਗਿੱਛ ਲਈ ਦਫ਼ਤਰ ਦੇ ਫ਼ੋਨ ਨੰਬਰ 01874-240369 ਜਾਂ ਮੋਬਾਈਲ ਨੰਬਰ 8558809606 ਜਾਂ ਈ-ਮੇਲ ਆਈ.ਡੀ dlsa.gsp@punjab.gov.in ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਸਰਕਾਰ ਵੱਲੋਂ ਆਸ਼ੀਰਵਾਦ ਸਕੀਮ ਤਹਿਤ ਜ਼ਿਲ੍ਹਾ ਮੋਗਾ ਦੇ ਲਾਭਪਾਤਰੀਆਂ ਲਈ 5.22 ਕਰੋੜ ਰੁਪਏ ਜਾਰੀ



ਮੋਗਾ (ਲੋਕ ਬਾਣੀ)
ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਅਤੇ ਸਮਾਜਿਕ ਨਿਆਂ ਤੇ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗਰੀਬ ਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਨੂੰ ਵਿਆਹ ਮੌਕੇ ਦਿੱਤੀ ਜਾਂਦੀ ਅਸ਼ੀਰਵਾਦ ਸਕੀਮ ਵਰਦਾਨ ਸਾਬਿਤ ਹੋ ਰਹੀ ਹੈ।

ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੋਗਾ ਸ੍. ਕੁਲਵੰਤ ਸਿੰਘ ਨੇ ਦੱਸਿਆ ਕਿ ਆਸ਼ੀਰਵਾਦ ਸਕੀਮ ਤਹਿਤ ਮੋਗਾ ਜ਼ਿਲ੍ਹੇ ਲਈ ਸਰਕਾਰ ਵੱਲੋਂ 5.22 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਰਾਸ਼ੀ ਨਾਲ ਮਹੀਨਾ ਜਨਵਰੀ 2024 ਤੱਕ ਦੇ 1024 ਅਨੁਸੂਚਿਤ ਜਾਤੀਆਂ ਦੇ ਲਾਭਪਾਤਰੀਆਂ ਨੂੰ ਲਾਭ ਮਿਲੇਗਾ। ਆਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ/ਈਸਾਈ ਬਰਾਦਰੀ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਪੱਛੜੇ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਅਤੇ ਅਨੁਸੂਚਿਤ ਜਾਤੀਆਂ ਦੀਆਂ ਵਿਧਵਾਵਾਂ/ਤਲਾਕਸ਼ੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ 51000 ਰੁਪਏ ਦੀ ਵਿੱਤੀ ਸਹਾਇਤਾ ਸ਼ਗਨ ਵਜੋਂ ਦਿੱਤੀ ਜਾਂਦੀ ਹੈ।

ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਸ੍ਰੀ ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਪ੍ਰਾਪਤ ਹੋਈ ਰਾਸ਼ੀ ਡੀ.ਬੀ.ਟੀ. ਮੋਡ ਰਾਹੀਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾ ਰਹੀ ਹੈ ਅਤੇ ਸਰਕਾਰ ਵੱਲੋਂ ਬਾਕੀ ਰਹਿੰਦੇ ਲਾਭਪਾਤਰੀਆਂ ਨੂੰ ਵੀ ਰਾਸ਼ੀ ਜਲਦ ਹੀ ਜਾਰੀ ਕੀਤੀ ਜਾ ਰਹੀ ਹੈ।

# ਮਾਨ ਸਰਕਾਰ ਵਲੋਂ ਮੂੰਗੀ ਦੀ ਫ਼ਸਲ ਤੇ ਐੱਮਐੱਸਪੀ ਬੰਦ, ਕਿਸਾਨਾਂ ਨਾ ਧੋਖਾ -ਇਕੋਲਾਹਾ



ਖੰਨਾ,(ਲੋਕ ਬਾਣੀ) ਪੰਜਾਬ ਸਰਕਾਰ ਵੱਲੋਂ ਮੂੰਗੀ ਦੀ ਫ਼ਸਲ ਉੱਤੇ ਐੱਮਐੱਸਪੀ ਅਤੇ ਮੁਆਵਜ਼ਾ ਬੰਦ ਕੀਤੇ ਜਾਣ ਦਾ ਫ਼ੈਸਲਾ ਸੂਬੇ ਦੇ ਕਿਸਾਨਾਂ ਨਾਲ ਵੱਡਾ ਧੋਖਾ ਹੈ।ਜਿਸ ਤੇ ਪੁਨਰ ਵਿਚਾਰ ਕੀਤੇ ਜਾਣ ਦੀ ਜ਼ਰੂਰਤ ਹੈ।ਇਹ ਗੱਲ ਬਲਾਕ ਕਾਂਗਰਸ ਦਿਹਾਤੀ ਦੇ ਪ੍ਰਧਾਨ ਹਰਜਿੰਦਰ ਸਿੰਘ ਇਕੋਲਾਹਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖੀ।ਉਹਨਾਂ ਕਿਹਾ 2022 ਚ ਸੱਤਾ ਚ ਆਉਣ ਸਮੇ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਕਿਸਾਨਾਂ ਨੂੰ ਕਣਕ ਤੇ ਝੋਨੇ ਦੀ ਫ਼ਸਲ ਦੀ ਜਗ੍ਹਾ ਮੂੰਗੀ ਦੀ ਫ਼ਸਲ ਬੀਜਣ ਵਾਸਤੇ ਪ੍ਰੇਰਤ ਕੀਤਾ ਗਿਆ ਸੀ ਅਤੇ ਨਾਲ ਹੀ ਮੂੰਗੀ ਉੱਤੇ ਐੱਮਐੱਸਪੀ ਦੇਣ ਦਾ ਵਾਅਦਾ ਕੀਤਾ ਸੀ ।ਮਾਣਯੋਗ ਮੁੱਖ ਮੰਤਰੀ ਦੇ ਕਹਿਣ ਤੇ ਸੂਬੇ ਦੇ ਕਿਸਾਨਾਂ ਵਲੋਂ ਸਵਾ ਲੱਖ ਏਕੜ ਤੋ ਜਿਆਦਾ ਮੂੰਗੀ ਦੀ ਫ਼ਸਲ ਦੀ ਕਾਸ਼ਤ ਕੀਤੀ ਗਈ। ਪਰ ਹੁਣ ਸਰਕਾਰ ਵਲੋਂ ਮੂੰਗੀ ਉੱਤੇ ਐੱਮਐੱਸਪੀ ਦਿੱਤੇ ਜਾਣ ਦੇ ਫ਼ੈਸਲੇ ਨੂੰ ਇਹ ਕਹਿ ਕੇ ਵਾਪਿਸ ਲੈਣ ਦੀ ਗੱਲ ਕਹੀ ਜਾ ਰਹੀ ਹੈ ਕੇ ਉਹ ਸਾਡਾ ਗਲਤ ਫ਼ੈਸਲਾ ਸੀ।ਬਲਾਕ ਪ੍ਰਧਾਨ ਇਕੋਲਾਹਾ ਨੇ ਦੋਸ਼ ਲਾਇਆ ਕੇ ਅਸਲ ਚ ਭਗਵੰਤ ਮਾਨ ਦੀ ਸਰਕਾਰ ਕਿਸਾਨਾਂ ਦੇ ਪੱਖ ਚ ਨਹੀਂ ਹੈ।ਇਹ ਸਰਕਾਰ ਤਾ ਕੇਵਲ ਮਗਰ ਮੱਛ ਦੇ ਹੰਝੂ ਹੀ ਵਹਾਅ ਸਕਦੀ ਹੈ।ਉਹਨਾਂ ਕਿਹਾ ਕੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਇਹ ਕਹਿਣਾ ਕੇ ਮੂੰਗੀ ਦੀ ਫ਼ਸਲ ਤੇ ਐੱਮਐੱਸਪੀ ਦਿੱਤੇ ਜਾਣ ਦਾ ਸਾਡੀ ਸਰਕਾਰ ਫ਼ੈਸਲਾ ਗਲਤ ਸੀ, ਬੜਾ ਹਰਾਨੀਜਨਕ ਹੈ।ਉਹਨਾਂ ਕਿਹਾ ਕੇ ਸਰਕਾਰ ਨੂੰ ਐੱਮਐੱਸਪੀ ਵਾਪਿਸ ਲਏ ਜਾਣ ਦੇ ਆਪਣੇ ਫ਼ੈਸਲੇ ਉੱਤੇ ਮੁੜ ਪੁਨਰ ਵਿਚਾਰ ਕਰਨ ਦੀ ਜਰੂਰਤ ਹੈ।ਉਹਨਾਂ ਇਹ ਦੋਸ਼ ਵੀ ਲਾਇਆ ਕੇ ਸਰਕਾਰ ਆਪਣੇ ਵਾਅਦੇ ਤੋ ਪੈਰ ਪਿੱਛਾਂ ਖਿੱਚ ਰਹੀ ਰਹੀ ਹੈ।ਜਿਸ ਨਾਲ ਮੂੰਗੀ ਦੀ ਕਾਸ਼ਤ ਕਰਨ ਦੇ ਇਛੁੱਕ ਕਿਸਾਨਾਂ ਨੂੰ ਵੱਡਾ ਆਰਥਕ ਘਾਟਾ ਪੈਣਾ ਸੁਭਾਵਿਕ ਹੈ ।ਉਹਨਾਂ ਇਹ ਵੀ ਕਿਹਾ ਕੇ ਸਰਕਾਰ ਦੇ ਇਸ ਤਾਜਾ ਫੈਸਲੇ ਨਾਲ ਘਾਟੇ ਚ ਜਾ ਰਹੀ ਪੰਜਾਬ ਦੀ ਕਿਸਾਨੀ ਹੋਰ ਡੂੰਘੀ ਆਰਥਿਕ ਖੱਡ ਚ ਜਾ ਡਿਗੇਗੀ।ਇਸ ਵਾਸਤੇ ਮਾਣਯੋਗ ਮੁੱਖ ਮੰਤਰੀ ਨੂੰ ਅਪੀਲ ਹੈ ਕੇ ਉਹ ਮੂੰਗੀ ਦੀ ਫ਼ਸਲ ਉੱਤੇ ਐੱਮਐੱਸਪੀ ਜਾਰੀ ਰਖੇ ਤਾਂ ਜੋ ਕਿਸਾਨ ਝੋਨੇ ਦੀ ਥਾਂ ਮੂੰਗੀ ਬੀਜਣ ਤਾਂ ਜੋ ਪਾਣੀ ਨੂੰ ਹੋਰ ਹੇਠਾਂ ਜਾਣ ਤੋ ਬਚਾਇਆ ਜਾ ਸਕੇ।

# ਸੇਵਕ ਸਭਾ ਅਤੇ ਸਿਹਤ ਵਿਭਾਗ ਵੱਲੋਂ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਜਾਗਰੂਕਤਾ ਮੁਹਿੰਮ ਦੇ ਤਹਿਤ ਜਾਗਰੂਕਤਾ ਕੈਂਪ ਲਗਾਇਆ



ਜ਼ੀਰਕਪੁਰ , 1(ਲੋਕ ਬਾਣੀ) -ਸਿਵਲ ਸਰਜਨ ਮੋਹਾਲੀ ਦੀ ਰਹਿਨੁਮਾਈ ਹੇਠ ਐਸ ਐਮ ਓ ਡਾ. ਪੋਮੀ ਚਤਰਥ ਜੀ ਦੀ ਅਗੁਵਾਈ ਵਿੱਚ ਸਿਹਤ ਵਿਭਾਗ ਦੀ ਟੀਮ ਵਲੋਂ ਐਂਟੀ ਡੇਂਗੂ ਕੈਮਪੇਨ ਦੇ ਤਹਿਤ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਜਾਗਰੂਕਤਾ ਮੁਹਿੰਮ ਵਜੋਂ ਦਿਖਸਾਂਤ ਗਲੋਬਲ ਸਕੂਲ ਜ਼ੀਰਕਪੁਰ ਵਿਖੇ ਡੇਂਗੂ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿਚ ♥9 ਲਖਵਿੰਦਰ ਪਾਲ ਨੇ ਬੱਚਿਆ ਨੂੰ ਡੇਂਗੂ, ਮਲੇਰੀਆ ਅਤੇ ਚੀਕਨਗੁਨੀਆਂ ਆਦਿ ਬਿਮਾਰੀਆਂ ਤੋਂ ਬਚਾਉਣ ਬਾਰੇ ਲੋੜੀਂਦੀ ਸਿਹਤ ਸਿੱਖਿਆ ਦਿੱਤੀ 9 ਉਹਨਾਂ ਨੂੰ ਡੇਂਗੂ ਬੁਖਾਰ ਇਸ ਦੇ ਲੱਛਣਾਂ ਬਾਰੇ , ਇਸ ਦੇ ਹੋਣ ਦੇ ਕਾਰਣਾਂ ਅਤੇ ਬਚਾਉ ਬਾਰੇ ਸਿਹਤ ਸਿੱਖਿਆ ਵੀ ਦਿੱਤੀ ਗਈ 9 ਉਨਾਂ ਇਹ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਵਿੱਚ ਅਤੇ ਆਲੇ ਦੁਆਲ਼ੇ ਸਾਫ ਪਾਣੀ ਖੜ੍ਹਾ ਨਾ ਹੋਣ ਦੇਣ ਕਿਉਂਕਿ ਡੇਂਗੂ ਮੱਛਰ ਸਾਫ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ 9 ਇਸ ਲਈ ਬੁਖ਼ਾਰ ਹੋਣ ਤੇ ਪੈਰਾਸਿਟਾਮੋਲ ਦੀ ਗੋਲ਼ੀ ਹੀ ਲਈ ਜਾਵੇ ਅਤੇ ਜਲਦ ਤੋਂ ਜਲਦ ਆਪਣੇ ਨੇੜੇ ਦੇ ਸਹਿਤ ਕੇਂਦਰ ਜਾਂ ਹਸਪਤਾਲ ਵਿੱਖੇ ਖ਼ੂਨ ਦੀ ਜਾਂਚ ਕਰਵਾਈ ਜਾਵੇ 9 ਆਪਣੇ ਘਰਾਂ,ਦੁਕਾਨਾਂ ਦਫਤਰਾਂ ਵਿੱਚ ਸਾਫ ਸਫਾਈ ਰੱਖਣ ਅਤੇ ਖਾਸ ਤੌਰ ਤੇ ਕੂਲਰਾਂ, ਗਮਲਿਆਂ ਅਤੇ ਕੰਟੇਨਰਾਂ ਦੇ ਪਾਣੀ ਨੂੰ ਹਫ਼ਤੇ ਚ ਇੱਕ ਵਾਰ ਸੁੱਕਾ ਕੀਤਾ ਜਾਵੇ। ਕਿਤੇ ਵੀ ਸਾਫ ਪਾਣੀ ਨਾ ਖੜਾ ਹੋਣ ਦੇਣ ।

ਇਸ ਦੌਰਾਨ ਸੇਵਕ ਸਭਾ ਜ਼ੀਰਕਪੁਰ ਦੇ ਪ੍ਰਧਾਨ ਸੰਦੀਪ ਪੂਰਥੀ ਜੀ ਨਾਲ ਮਿਲਕੇ ਵੀ ਆਈ ਪੀ ਰੋਡ ਤੇ ਪਾਣੀ ਨਾਲ ਭਰੇ ਹੋਏ ਪਲਾਟਾਂ ਵਿਚ ਸਪਰੇਅ ਕੀਤੀ ਗਈ ਤਾਂ ਜੋ ਓਥੇ ਲਾਰਵਾ ਪੈਦਾ ਨਾ ਹੋ ਸਕੇ।ਵੀ ਆਈ ਪੀ ਰੋਡ ਤੇ ਸਥਿਤ ਸੁਸਾਇਟੀ ਮਾਇਆ ਗਾਰਡਨ ਫੇਸ 3 ਵਿਚ ਚੈਕਿੰਗ ਕੀਤੀ ਗਈ ⇩

ਇਸ ਐਕਟੀਵਿਟੀ ਵਿੱਚ ਸਿਹਤ ਕਰਮਚਾਰੀ ਹਰਪ੍ਰੀਤ ਸਿੰਘ, ਰੁਪਿੰਦਰ ਸਿੰਘ ,ਬਰੀਡਿੰਗ ਚੈਕਰ ਅਤੇ ਨਗਰ ਕੌਂਸਲ ਜ਼ੀਰਕਪੁਰ ਦੇ ਕਰਮਚਾਰੀ ਸ਼ਾਮਿਲ ਸਨ

DIPS INSTITUTIONS
CHAIN OF DIPS INSTITUTIONS
KNOWLEDGE IS POWER
DIPS ITM
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
Contact: 95010-00697, 97806-00998